ਸੋਮਵਾਰ, 23 ਦਸੰਬਰ, 2024
9 ਪੋਹ { ਨਾਨਕਸ਼ਾਹੀ 556 / ਬਿਕਰਮੀ 2081 }
ਜਿਲਦ/VOL. : 73
ਅੰਕ/NO. : 203

# ਨਵਾਂ ਜ਼ਮਾਨਾ

DAILY NAWAN ZAMANA • MONDAY, 23 DECEMBER, 2024
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## 'ਆਪ' ਸ਼ਹਿਰਾਂ 'ਚ ਵੀ ਨੰਬਰ ਵਨ ਬਣੀ, ਭਾਜਪਾ ਤੇ ਕਾਂਗਰਸ ਦਾ ਭਰਮ ਟੁੱਟਿਆ : ਅਮਨ ਅਰੋੜਾ

**ਚੰਡੀਗੜ੍ਹ (ਗੁਰਜੀਤ ਬਿੱਲਾ)**
ਆਮ ਆਦਮੀ ਪਾਰਟੀ (ਆਪ) ਨੇ ਲੋਕਲ ਬਾਡੀ ਚੋਣਾਂ ਵਿੱਚ ਜਿੱਤ ਲਈ ਪੰਜਾਬ ਦੇ ਲੋਕਾਂ ਦਾ ਧੰਨਵਾਦ ਕੀਤਾ ਹੈ। ਪਾਰਟੀ ਨੇ ਕਿਹਾ ਕਿ ਨਤੀਜੇ ਸਾਬਤ ਕਰਦੇ ਹਨ ਕਿ ਜ਼ਿਮਨੀ ਚੋਣਾਂ ਵਾਂਗ ਇਸ ਵਾਰ ਵੀ ਸ਼ਹਿਰਾਂ ਦੇ ਲੋਕਾਂ ਨੇ ਆਮ ਆਦਮੀ ਪਾਰਟੀ 'ਤੇ ਆਪਣਾ ਭਰੋਸਾ ਕਾਇਮ ਰੱਖਿਆ ਹੈ।




ਪਾਰਟੀ ਦੇ ਸੂਬਾ ਪ੍ਰਧਾਨ ਅਮਨ ਅਰੋੜਾ ਨੇ ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਮਲਵਿੰਦਰ ਸਿੰਘ ਕੰਗ, ਆਪ ਆਗੂ ਡਾ. ਸੰਨੀ ਆਹਲੂਵਾਲੀਆ ਤੇ ਫੈਰੀ ਸੋਫਤ ਨਾਲ ਐਤਵਾਰ ਪਾਰਟੀ ਦਫ਼ਤਰ ਚੰਡੀਗੜ੍ਹ ਵਿਖੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਹੁਣ ਆਮ ਆਦਮੀ ਪਾਰਟੀ ਪੰਜਾਬ ਦੇ ਸ਼ਹਿਰੀ ਖੇਤਰਾਂ ਵਿੱਚ ਵੀ ਅਧਿਕਾਰਤ ਤੌਰ 'ਤੇ ਨੰਬਰ ਵਨ ਪਾਰਟੀ ਬਣ ਗਈ ਹੈ। ਸ਼ਹਿਰੀ ਖੇਤਰਾਂ ਵਿੱਚ ਭਾਜਪਾ ਅਤੇ ਕਾਂਗਰਸ ਦੇ ਮਜ਼ਬੂਤ ਹੋਣ ਦਾ ਭਰਮ ਟੁੱਟ ਗਿਆ ਹੈ। ਇਸ ਚੋਣ ਵਿੱਚ ਆਮ ਆਦਮੀ ਪਾਰਟੀ ਨੇ 55 ਫੀਸਦੀ ਤੋਂ ਵੱਧ ਸੀਟਾਂ ਜਿੱਤੀਆਂ ਹਨ, ਜਦੋਂਕਿ ਅਕਾਲੀ-ਭਾਜਪਾ ਅਤੇ ਕਾਂਗਰਸ ਦਾ ਮਿਲਾ ਕੇ ਸਿਰਫ਼ 45 ਫ਼ੀਸਦੀ ਬਣਦਾ ਹੈ। ਅਰੋੜਾ ਨੇ ਦੱਸਿਆ ਕਿ ਕੁੱਲ 977 ਵਿੱਚੋਂ 961 ਵਾਰਡਾਂ ਦੇ ਨਤੀਜੇ ਐਲਾਨੇ ਗਏ ਹਨ। ਇਨ੍ਹਾਂ ਵਿੱਚੋਂ 522 ਵਾਰਡਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਜੇਤੂ ਰਹੇ, ਜਦੋਂਕਿ ਕਾਂਗਰਸ 191 ਵਾਰਡਾਂ ਨਾਲ ਸਿਰਫ਼ 20 ਫੀਸਦੀ ਸੀਟਾਂ ਹੀ ਜਿੱਤ ਸਕੀ।

ਇਸ ਚੋਣ ਵਿੱਚ ਭਾਜਪਾ ਅਤੇ ਅਕਾਲੀ ਦਲ ਨੂੰ ਕਰਾਰੀ ਹਾਰ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਦਾ ਸਫ਼ਾਇਆ ਹੋ ਗਿਆ। ਭਾਜਪਾ ਨੇ ਸਿਰਫ਼ 7 ਫ਼ੀਸਦੀ ਸੀਟਾਂ ਜਿੱਤੀਆਂ, ਉਸ ਦੇ 69 ਉਮੀਦਵਾਰ ਜਿੱਤੇ, ਜਦੋਂਕਿ ਅਕਾਲੀ ਦਲ 3 ਫੀਸਦੀ ਸੀਟਾਂ ਜਿੱਤ ਸਕਿਆ, ਇਸ ਦੇ ਸਿਰਫ਼ 31 ਉਮੀਦਵਾਰ ਹੀ ਜਿੱਤ ਸਕੇ। ਬਸਪਾ ਦੇ 5 ਉਮੀਦਵਾਰ ਜਿੱਤੇ, ਇਹ ਸਿਰਫ 0.5 ਫੀਸਦੀ ਸੀਟਾਂ ਹੀ ਜਿੱਤ ਸਕੀ। ਆਜ਼ਾਦ ਉਮੀਦਵਾਰਾਂ ਦੀ ਜਿੱਤ ਦੀ ਗਿਣਤੀ 143 ਸੀ ਅਤੇ ਉਨ੍ਹਾਂ ਦੀ ਜਿੱਤ ਦੀ ਪ੍ਰਤੀਸ਼ਤਤਾ ਲਗਭਗ 15 ਪ੍ਰਤੀਸ਼ਤ ਰਹੀ।

ਅਰੋੜਾ ਨੇ ਕਿਹਾ ਕਿ ਸ਼ਹਿਰੀ ਖੇਤਰਾਂ ਦੇ ਲੋਕਾਂ ਨੇ ਭਾਜਪਾ ਨੂੰ ਸ਼ੀਸ਼ਾ ਦਿਖਾ ਕੇ ਉਨ੍ਹਾਂ ਦੇ ਪੰਜਾਬ ਵਿਰੋਧੀ ਰਵੱਈਏ ਦਾ ਜਵਾਬ ਦਿੱਤਾ ਹੈ। ਉਨ੍ਹਾ ਕਿਹਾ ਕਿ ਅਕਾਲੀ ਦਲ ਅਤੇ ਭਾਜਪਾ ਨੂੰ ਕਈ ਵਾਰਡਾਂ ਵਿੱਚ ਚੋਣ ਲੜਨ ਲਈ ਉਮੀਦਵਾਰ ਵੀ ਨਹੀਂ ਮਿਲ ਸਕੇ। ਕਾਂਗਰਸ ਨੂੰ ਵੀ ਉਮੀਦਵਾਰ ਲੱਭਣ ਵਿੱਚ ਜੱਦੋਜਹਿਦ ਕਰਨੀ ਪਈ। ਇਸ ਚੋਣ ਵਿੱਚ ਆਮ ਆਦਮੀ ਪਾਰਟੀ ਹੀ ਇੱਕ ਅਜਿਹੀ ਪਾਰਟੀ ਸੀ, ਜਿਸ ਨੇ ਹਰ ਵਾਰਡ ਵਿੱਚ ਆਪਣੇ ਚੋਣ ਨਿਸ਼ਾਨ 'ਤੇ ਉਮੀਦਵਾਰ ਖੜ੍ਹੇ ਕੀਤੇ ਸਨ।

ਉਹਨਾ ਨਤੀਜਿਆਂ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਪਟਿਆਲਾ ਨਗਰ ਨਿਗਮ 'ਚ ਪਾਰਟੀ ਨੇ ਇਕਤਰਫਾ ਜਿੱਤ ਪ੍ਰਾਪਤ ਕੀਤੀ ਹੈ। ਪਹਿਲਾਂ ਸਾਡੇ ਕੋਲ ਕਿਤੇ ਵੀ ਮੇਅਰ ਜਾਂ ਨਗਰ ਕੌਂਸਲ ਪ੍ਰਧਾਨ ਨਹੀਂ ਸੀ, ਹੁਣ ਸਾਡੇ ਕੋਲ 3 ਥਾਵਾਂ 'ਤੇ ਮੇਅਰ ਹੋਵੇਗਾ ਅਤੇ 31 ਨਗਰ ਕੌਂਸਲਾਂ ਅਤੇ ਕਮੇਟੀਆਂ ਵਿੱਚ ਸਾਡੇ ਪ੍ਰਧਾਨ ਹੋਣਗੇ। ਉਨ੍ਹਾ ਇਸ ਜਿੱਤ ਦਾ ਸਿਹਰਾ ਪਾਰਟੀ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਸੋਚ, ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਦੇ ਪਿਛਲੇ ਸਾਢੇ ਤਿੰਨ ਸਾਲਾਂ ਦੇ ਲੋਕ ਭਲਾਈ ਕੰਮਾਂ ਅਤੇ ਪਾਰਟੀ ਆਗੂਆਂ ਤੇ ਵਰਕਰਾਂ ਦੀ ਸਖ਼ਤ ਮਿਹਨਤ ਨੂੰ ਦਿੱਤਾ। ਉਨ੍ਹਾ ਪਾਰਟੀ ਵਰਕਰਾਂ ਅਤੇ ਆਗੂਆਂ ਦੀ ਤਾਰੀਫ ਵੀ ਕੀਤੀ ਅਤੇ ਜਿੱਤ ਲਈ ਵਧਾਈ ਦਿੱਤੀ।

## ਚਾਰ ਨਗਰ ਨਿਗਮਾਂ ਦੇ ਮੇਅਰ ਜੋੜ-ਤੋੜ ਨਾਲ ਬਣਨਗੇ

**ਚੰਡੀਗੜ੍ਹ** : ਸਨਿੱਚਰਵਾਰ ਨੂੰ ਹੋਈਆਂ ਪੰਜ ਨਗਰ ਨਿਗਮਾਂ ਅਤੇ 42 ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਦੀਆਂ ਚੋਣਾਂ ਵਿੱਚ ਸੱਤਾਧਾਰੀ ਧਿਰ ਆਮ ਆਦਮੀ ਪਾਰਟੀ ਸਿਰਫ ਨਗਰ ਨਿਗਮ ਪਟਿਆਲਾ ਦੀ ਚੋਣ ਵਿੱਚ ਬਹੁਮਤ ਹਾਸਲ ਕਰ ਸਕੀ ਹੈ, ਜਦੋਂ ਕਿ ਬਾਕੀ ਚਾਰ ਨਗਰ ਨਿਗਮਾਂ ਅੰਮ੍ਰਿਤਸਰ, ਜਲੰਧਰ, ਲੁਧਿਆਣਾ ਤੇ ਫਗਵਾੜਾ ਵਿੱਚ ਕਿਸੇ ਵੀ ਸਿਆਸੀ ਪਾਰਟੀ ਨੂੰ ਬਹੁਮਤ ਨਹੀਂ ਮਿਲਿਆ। ਨਗਰ ਨਿਗਮ ਜਲੰਧਰ ਤੇ ਲੁਧਿਆਣਾ ਵਿੱਚ 'ਆਪ' ਅਤੇ ਅੰਮ੍ਰਿਤਸਰ ਤੇ ਫਗਵਾੜਾ ਵਿੱਚ ਕਾਂਗਰਸ ਪਾਰਟੀ ਸਭ ਤੋਂ ਵੱਡੀ ਪਾਰਟੀ ਬਣ ਕੇ ਉੱਭਰੀਆਂ ਹਨ। ਇਸੇ ਤਰ੍ਹਾਂ ਪੰਜਾਬ ਵਿੱਚ 42 ਨਗਰ ਕੌਂਸਲਾਂ ਤੇ ਦੋ ਨਗਰ ਪੰਚਾਇਤਾਂ ਵਿੱਚੋਂ 29 'ਤੇ 'ਆਪ' ਅਤੇ ਦੋ 'ਤੇ ਕਾਂਗਰਸ ਨੇ ਸਪੱਸ਼ਟ ਬਹੁਮਤ ਹਾਸਲ ਕੀਤਾ ਹੈ। ਚਾਰ ਨਗਰ ਨਿਗਮਾਂ ਵਿੱਚ ਮੇਅਰ ਬਣਨ ਲਈ ਪਾਰਟੀਆਂ ਨੂੰ ਜੋੜ-ਤੋੜ ਕਰਨੇ ਪੈਣਗੇ। ਚੋਣ ਕਮਿਸ਼ਨ ਤੋਂ ਮਿਲੀ ਜਾਣਕਾਰੀ ਅਨੁਸਾਰ ਪਟਿਆਲਾ ਦੇ 60 ਵਿੱਚੋਂ 53 ਵਾਰਡਾਂ ਦੇ ਨਤੀਜੇ ਐਲਾਨੇ ਗਏ ਹਨ, ਜਦੋਂ ਕਿ ਹਾਈ ਕੋਰਟ ਦੇ ਹੁਕਮਾਂ 'ਤੇ ਸੱਤ ਵਾਰਡਾਂ 'ਤੇ ਚੋਣ ਨਹੀਂ ਹੋਈ। ਇੱਥੇ 'ਆਪ' ਨੇ 43, ਕਾਂਗਰਸ ਤੇ ਭਾਜਪਾ ਨੇ 4-4 ਅਤੇ ਅਕਾਲੀ ਦਲ ਨੇ 2 ਵਾਰਡਾਂ ਵਿੱਚ ਜਿੱਤ ਹਾਸਲ ਕੀਤੀ ਹੈ। ਨਗਰ ਨਿਗਮ ਜਲੰਧਰ ਵਿੱਚ 85 ਵਾਰਡਾਂ ਵਿੱਚੋਂ 'ਆਪ' ਨੇ 38, ਕਾਂਗਰਸ ਨੇ 25, ਭਾਜਪਾ ਨੇ 19 ਅਤੇ ਤਿੰਨ ਵਾਰਡਾਂ ਵਿੱਚ ਆਜ਼ਾਦ ਉਮੀਦਵਾਰਾਂ ਨੇ ਜਿੱਤ ਹਾਸਲ ਕੀਤੀ ਹੈ। ਨਗਰ ਨਿਗਮ ਲੁਧਿਆਣਾ ਦੀ ਚੋਣ ਵਿੱਚ 95 ਵਾਰਡਾਂ ਵਿੱਚੋਂ 'ਆਪ' ਨੇ 41, ਕਾਂਗਰਸ ਨੇ 30, ਭਾਜਪਾ ਨੇ 19, ਅਕਾਲੀ ਦਲ ਨੇ 2 ਤੇ ਤਿੰਨ ਵਾਰਡਾਂ ਵਿੱਚ ਆਜ਼ਾਦ ਉਮੀਦਵਾਰਾਂ ਨੇ ਜਿੱਤ ਹਾਸਲ ਕੀਤੀ ਹੈ। ਅੰਮ੍ਰਿਤਸਰ ਵਿੱਚ 85 ਵਾਰਡਾਂ ਵਿੱਚੋਂ ਕਾਂਗਰਸ ਨੇ 40, 'ਆਪ' ਨੇ 24, ਭਾਜਪਾ ਨੇ 9, ਅਕਾਲੀ ਦਲ ਨੇ 4 ਅਤੇ 8 ਵਾਰਡਾਂ ਵਿੱਚ ਆਜ਼ਾਦ ਉਮੀਦਵਾਰਾਂ ਨੇ ਜਿੱਤ ਹਾਸਲ ਕੀਤੀ ਹੈ। ਨਗਰ ਨਿਗਮ ਫਗਵਾੜਾ ਦੇ 50 ਵਾਰਡਾਂ ਵਿੱਚੋਂ ਕਾਂਗਰਸ ਨੇ 22, 'ਆਪ' ਨੇ 12, ਭਾਜਪਾ ਨੇ 4, ਅਕਾਲੀ ਦਲ ਤੇ ਬਸਪਾ ਨੇ 3-3 ਅਤੇ 6 ਵਾਰਡਾਂ ਵਿੱਚ ਆਜ਼ਾਦ ਉਮੀਦਵਾਰਾਂ ਨੇ ਜਿੱਤ ਹਾਸਲ ਕੀਤੀ ਹੈ।

## ਅੰਬੇਡਕਰ ਦਾ ਅਪਮਾਨ ਕਰਨ 'ਤੇ ਸੀ ਪੀ ਆਈ ਵੱਲੋਂ ਅਮਿਤ ਸ਼ਾਹ ਖਿਲਾਫ ਪ੍ਰਦਰਸ਼ਨ

**ਲੁਧਿਆਣਾ (ਗਿਆਨ ਸੈਦਪੁਰੀ)**
ਭਾਰਤੀ ਕਮਿਊਨਿਸਟ ਪਾਰਟੀ ਨੇ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਸੰਸਦ ਵਿੱਚ ਸੰਵਿਧਾਨ ਦੇ ਨਿਰਮਾਤਾ ਡਾਕਟਰ ਭੀਮ ਰਾਓ ਅੰਬੇਡਕਰ ਬਾਰੇ ਅਪਮਾਨਜਨਕ ਟਿੱਪਣੀ ਕਰਨ 'ਤੇ ਉਹਨਾ ਦੇ ਫੌਰੀ ਅਸਤੀਫੇ ਦੀ ਮੰਗ ਕੀਤੀ ਹੈ। ਇਸ ਮੰਗ ਨੂੰ ਲੈ ਕੇ ਐਤਵਾਰ ਪਾਰਟੀ ਵੱਲੋਂ ਲੁਧਿਆਣਾ ਵਿਖੇ ਇਕ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਬੋਲਦਿਆਂ ਭਾਰਤੀ ਕਮਿਊਨਿਸਟ ਪਾਰਟੀ ਦੇ ਸੂਬਾਈ ਸਕੱਤਰ ਬੰਤ ਸਿੰਘ ਬਰਾੜ ਨੇ ਕਿਹਾ ਕਿ ਇਹ ਅਸਲ ਵਿੱਚ ਆਰ ਐੱਸ ਐੱਸ ਦੀ ਜਾਤ-ਪਾਤ ਬਾਰੇ ਉਚ-ਨੀਚ ਦੀ ਸੋਚ ਅਤੇ ਮਨੂੰਵਾਦੀ ਵਿਚਾਰਧਾਰਾ ਦਾ ਪ੍ਰਗਟਾਅ ਹੈ ਤੇ ਅਖੀਰ ਇਹ ਗੱਲ ਮੂੰਹ 'ਚੋਂ ਨਿਕਲ ਹੀ ਗਈ। ਇਹ ਤਾਂ ਸਾਫ ਹੈ ਕਿ ਆਰ ਐੱਸ ਐੱਸ ਦਾ ਵਿਸ਼ਵਾਸ ਮੰਨੂ ਸਿਮਰਤੀ 'ਚ ਹੈ, ਜਿਸ ਵਿਚ ਕੇਵਲ ਬ੍ਰਾਹਮਣਾਂ ਨੂੰ ਉਪਰ ਰੱਖਿਆ ਗਿਆ ਹੈ ਤੇ ਬਾਕੀ ਸਭ ਨੂੰ ਉਹਨਾਂ ਤੋਂ ਨੀਵਾਂ, ਇੱਥੋਂ ਤੱਕ ਕਿ ਜਿਨ੍ਹਾਂ ਨੂੰ ਇਹ ਨੀਵੀਂ ਜਾਤੀ ਆਖਦੇ ਹਨ, ਉਹਨਾਂ ਨੂੰ ਵਿਦਿਆ ਦੇ ਅਧਿਕਾਰ ਤੋਂ ਵੀ ਵਾਂਝੇ ਰੱਖਿਆ ਗਿਆ। ਅਖੌਤੀ ਸ਼ੂਦਰਾਂ ਨੂੰ ਨਾ ਤਾਂ ਮੰਦਰ ਜਾਣ ਦਾ

● ਬਾਕੀ ਸਫ਼ਾ 2 'ਤੇ







**ਸ੍ਰੀਨਗਰ** : ਕਸ਼ਮੀਰ ਵਿੱਚ ਐਤਵਾਰ ਕਈ ਥਾਈਂ ਘੱਟੋ-ਘੱਟ ਤਾਪਮਾਨ ਜ਼ੀਰੋ ਡਿਗਰੀ ਤੋਂ ਹੇਠਾਂ ਰਿਹਾ। ਵਾਦੀ ਵਿੱਚ ਝਰਨੇ ਵੀ ਜੰਮ ਗਏ ਹਨ। ਆਦਮਪੁਰ 1.8 ਡਿਗਰੀ ਰਿਕਾਰਡ ਕੀਤਾ ਗਿਆ, ਜਦਕਿ ਚੰਡੀਗੜ੍ਹ 'ਚ 0.8 ਡਿਗਰੀ ਰਿਹਾ।

## ਮੋਦੀ ਨੂੰ ਕੁਵੈਤ ਦਾ ਸਭ ਤੋਂ ਵੱਡਾ ਸਨਮਾਨ

**ਕੁਵੈਤ ਸਿਟੀ** : ਕੁਵੈਤ ਦੇ ਅਮੀਰ ਸ਼ੇਖ ਮੇਸ਼ਾਲ ਅਲ-ਅਹਿਮਦ ਅਲ-ਜਬਰ ਅਲ-ਸਬਾ ਨੇ ਐਤਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਕੁਵੈਤ ਦੇ ਸਭ ਤੋਂ ਵੱਡੇ ਸਨਮਾਨ 'ਦਿ ਆਰਡਰ ਆਫ਼ ਮੁਬਾਰਕ ਅਲ ਕਬੀਰ' ਨਾਲ ਸਨਮਾਨਤ ਕੀਤਾ। ਇਸ ਤੋਂ ਪਹਿਲਾਂ ਇਹ ਸਨਮਾਨ ਬਿਲ ਕਲਿੰਟਨ, ਪ੍ਰਿੰਸ ਚਾਰਲਸ ਤੇ ਜਾਰਜ ਬੁਸ਼ ਵਰਗੇ ਵਿਦੇਸ਼ੀ ਆਗੂਆਂ ਨੂੰ ਦਿੱਤਾ ਜਾ ਚੁੱਕਾ ਹੈ।

## ਅੰਤ੍ਰਿੰਗ ਕਮੇਟੀ ਦੀ ਮੀਟਿੰਗ ਰੱਦ

**ਅੰਮ੍ਰਿਤਸਰ** : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਅੰਤ੍ਰਿੰਗ ਕਮੇਟੀ ਦੀ 72 ਘੰਟੇ ਦੇ ਨੋਟਿਸ 'ਤੇ 23 ਦਸੰਬਰ ਨੂੰ ਸੱਦੀ ਹੰਗਾਮੀ ਮੀਟਿੰਗ ਨੂੰ ਆਪਣੇ ਰੁਝੇਵਿਆਂ ਕਾਰਨ ਰੱਦ ਕਰ ਦਿੱਤਾ ਹੈ। ਚਰਚਾ ਸੀ ਕਿ 23 ਦਸੰਬਰ ਦੀ ਮੀਟਿੰਗ ਵਿੱਚ ਤਖਤ ਸ੍ਰੀ ਦਮਦਮਾ ਸਾਹਿਬ ਦਾ ਨਵਾਂ ਜਥੇਦਾਰ ਨਿਯੁਕਤ ਕੀਤਾ ਜਾ ਸਕਦਾ ਹੈ।

## ਸੋਹਾਣਾ ਹਾਦਸੇ 'ਚ ਇੱਕ ਹੋਰ ਲਾਸ਼ ਮਿਲੀ

**ਮੁਹਾਲੀ** : ਸੋਹਾਣਾ 'ਚ ਸਨਿੱਚਰਵਾਰ ਨੂੰ ਡਿੱਗੀ ਬਹੁਮੰਜ਼ਲਾ ਇਮਾਰਤ ਦੇ ਮਲਬੇ ਵਿੱਚੋਂ ਇਕ ਹੋਰ ਲਾਸ਼ ਮਿਲਣ ਨਾਲ ਮ੍ਰਿਤਕਾਂ ਦੀ ਗਿਣਤੀ ਦੋ ਹੋ ਗਈ ਹੈ। ਪਹਿਲਾਂ ਹਿਮਾਚਲ ਦੇ ਥਿਓਗ ਦੀ 29 ਸਾਲਾ ਦ੍ਰਿਸ਼ਟੀ ਵਰਮਾ ਨਾਂਅ ਦੀ ਮਹਿਲਾ ਦੀ ਲਾਸ਼ ਮਲਬੇ ਹੇਠਿਓਂ ਮਿਲੀ ਸੀ। ਦੂਜੀ ਲਾਸ਼ ਅੰਬਾਲਾ ਦੇ ਨੌਜਵਾਨ ਅਭਿਸ਼ੇਕ ਦੀ ਮਿਲੀ ਹੈ। ਉਹ ਮੁਹਾਲੀ 'ਚ ਸਾਫ਼ਟਵੇਅਰ ਕੰਪਨੀ ਵਿਚ ਕੰਮ ਕਰਦਾ ਸੀ ਅਤੇ ਜਿੰਮ ਵਿੱਚ ਕਸਰਤ ਕਰਨ ਆਇਆ ਸੀ। ਕੌਮੀ ਆਫਤ ਰਾਹਤ ਬਲ, ਫੌਜ, ਸੂਬਾਈ ਬਚਾਅ ਦਲ ਸਨਿੱਚਰਵਾਰ ਸ਼ਾਮ ਤੋਂ ਹੀ ਰਾਹਤ ਤੇ ਬਚਾਅ ਮੁਹਿੰਮ 'ਚ ਜੁਟੇ ਹੋਏ ਹਨ।

ਉੱਪਰੀ ਮਲਬਾ ਹਟਾ ਦਿੱਤਾ ਗਿਆ ਹੈ ਅਤੇ ਬੇਸਮੈਂਟ ਤੱਕ ਪਹੁੰਚਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਇਮਾਰਤ 'ਚ ਜਿੰਮ ਵੀ ਸੀ ਅਤੇ ਨਾਲ ਦੇ ਪਲਾਟ 'ਚ ਹੋਈ ਖੁਦਾਈ ਕਰ ਕੇ ਇਹ ਇਮਾਰਤ ਢਹਿ ਗਈ। ਇਸੇ ਦੌਰਾਨ ਪੁਲਸ ਨੇ ਥਾਣਾ ਸੋਹਾਣਾ ਵਿਖੇ ਬਿਲਡਿੰਗ ਮਾਲਕਾਂ ਪਰਵਿੰਦਰ ਸਿੰਘ ਤੇ ਗਗਨਦੀਪ ਸਿੰਘ (ਵਾਸੀ ਚਾਓ ਮਾਜਰਾ) ਦੇ ਵਿਰੁੱਧ ਭਾਰਤੀ ਦੰਡ ਸੰਹਿਤਾ ਦੀ ਧਾਰਾ 105 ਦੇ ਤਹਿਤ ਕੇਸ ਦਰਜ ਕਰ ਲਿਆ ਹੈ।

## ਅਮਰੀਕਾ ਨੇ ਆਪਣਾ ਹੀ ਜਹਾਜ਼ ਫੁੰਡਿਆ

**ਦੁਬਈ** : ਅਮਰੀਕੀ ਜਲ ਸੈਨਾ ਦੇ ਜੰਗੀ ਸਮੁੰਦਰੀ ਜਹਾਜ਼ ਨੇ ਗਲਤੀ ਨਾਲ ਐੱਫ/ ਏ-18 ਜੰਗੀ ਹਵਾਈ ਜਹਾਜ਼ ਨੂੰ ਡੇਗ ਦਿੱਤਾ, ਜਿਸ 'ਚ ਦੋ ਪਾਇਲਟ ਸਵਾਰ ਸਨ। ਅਮਰੀਕੀ ਫੌਜ ਨੇ ਦੱਸਿਆ ਕਿ ਦੋਵੇਂ ਪਾਇਲਟ ਜਿਊਂਦੇ ਹਨ ਅਤੇ ਇਕ ਪਾਇਲਟ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ। ਇਹ ਘਟਨਾ ਇਸ ਗੱਲ ਨੂੰ ਜ਼ਾਹਰ ਕਰਦੀ ਹੈ ਕਿ ਇਸ ਖੇਤਰ 'ਚ ਅਮਰੀਕੀ ਅਤੇ ਯੂਰਪੀ ਫੌਜੀ ਗੱਠਜੋੜ ਦੀ ਗਸ਼ਤ ਦੇ ਬਾਵਜੂਦ ਹੂਤੀ ਵਿਦਰੋਹੀਆਂ ਵੱਲੋਂ ਸਮੁੰਦਰੀ ਜਹਾਜ਼ਾਂ 'ਤੇ ਲਗਾਤਾਰ ਹਮਲੇ ਕੀਤੇ ਜਾਣ ਕਰ ਕੇ ਲਾਲ ਸਾਗਰ ਲਾਂਘਾ ਕਿੰਨਾ ਖਤਰਨਾਕ ਹੋ ਗਿਆ ਹੈ। ਜਹਾਜ਼ ਨੂੰ ਮਾਰ ਡੇਗਣ ਦੀ ਇਹ ਘਟਨਾ ਉਸ ਸਮੇਂ ਵਾਪਰੀ, ਜਦੋਂ ਅਮਰੀਕੀ ਫੌਜ ਨੇ ਯਮਨ ਦੇ ਹੂਤੀ ਵਿਦਰੋਹੀਆਂ ਨੂੰ ਨਿਸ਼ਾਨਾ ਬਣਾ ਕੇ ਹਵਾਈ ਹਮਲੇ ਕੀਤੇ ਸਨ। ਅਮਰੀਕੀ ਫੌਜ ਦੀ ਸੈਂਟਰਲ ਕਮਾਂਡ ਨੇ ਇਹ ਨਹੀਂ ਦੱਸਿਆ ਕਿ ਇਹ ਘਟਨਾ ਕਿਸ ਮਿਸ਼ਨ ਦੌਰਾਨ ਹੋਈ।

## ਬਾਬਾ ਸਾਹਿਬ ਬਾਰੇ ਕਾਂਗਰਸ ਦੀ ਸਵਾਰਥੀ ਨੀਤੀ : ਮਾਇਆਵਤੀ

**ਲਖਨਊ** : ਬਸਪਾ ਸੁਪਰੀਮੋ ਮਾਇਆਵਤੀ ਨੇ ਸੰਸਦ ਵਿੱਚ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਬਾਰੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਕਥਿਤ ਅਪਮਾਨਜਨਕ ਟਿੱਪਣੀ 'ਤੇ ਕਿਹਾ ਕਿ ਇਸ ਮਾਮਲੇ 'ਤੇ ਕਾਂਗਰਸ ਦੀ ਕਾਹਲ ਸਵਾਰਥ ਦੀ ਰਾਜਨੀਤੀ ਹੈ। ਉਨ੍ਹਾ ਸੋਸ਼ਲ ਮੀਡੀਆ ਪਲੇਟਫਾਰਮ 'ਐੱਕਸ' ਉੱਤੇ ਲਿਖਿਆ—ਅਮਿਤ ਸ਼ਾਹ ਵੱਲੋਂ ਸੰਸਦ ਵਿੱਚ ਪਰਮ ਪੂਜਨੀਕ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦਾ ਅਪਮਾਨ ਕੀਤੇ ਜਾਣ ਨੂੰ ਲੈ ਕੇ ਦੇਸ਼ ਭਰ ਵਿੱਚ ਲੋਕਾਂ 'ਚ ਭਾਰੀ ਗੁੱਸਾ ਹੈ, ਪਰ ਬਾਬਾ ਸਾਹਿਬ ਨੂੰ ਅਣਗੌਲਿਆ ਕਰਨ ਅਤੇ ਉਨ੍ਹਾ ਦੇ ਸੰਘਰਸ਼ ਨੂੰ ਹਮੇਸ਼ਾ ਨੁਕਸਾਨ ਪਹੁੰਚਾਉਣ ਵਾਲੀ ਕਾਂਗਰਸ ਦੀ ਇਸ ਮੁੱਦੇ ਨੂੰ ਲੈ ਕੇ ਕਾਹਲ ਸਵਾਰਥ ਦੀ ਰਾਜਨੀਤੀ ਹੈ।

## ਬਰੇਲੀ ਦੀ ਕੋਰਟ ਵੱਲੋਂ ਰਾਹੁਲ 7 ਨੂੰ ਤਲਬ

**ਬਰੇਲੀ (ਯੂ ਪੀ)** : ਬਰੇਲੀ ਜ਼ਿਲ੍ਹਾ ਤੇ ਸੈਸ਼ਨ ਕੋਰਟ ਨੇ ਰਾਹੁਲ ਗਾਂਧੀ ਨੂੰ ਆਰਥਕ ਸਰਵੇਖਣ ਸੰਬੰਧੀ ਬਿਆਨ ਨੂੰ ਲੈ ਕੇ ਨੋਟਿਸ ਜਾਰੀ ਕਰ ਕੇ 7 ਜਨਵਰੀ ਨੂੰ ਪੇਸ਼ ਹੋਣ ਲਈ ਕਿਹਾ ਹੈ। ਵਕੀਲ ਵੀਰੇਂਦਰ ਪਾਲ ਗੁਪਤਾ ਨੇ ਦੱਸਿਆ ਕਿ ਅਦਾਲਤ ਨੇ ਸਨਿੱਚਰਵਾਰ ਰਾਹੁਲ ਨੂੰ ਨੋਟਿਸ ਜਾਰੀ ਕੀਤਾ। ਬਰੇਲੀ ਦੇ ਸੁਭਾਸ਼ ਨਗਰ ਦੇ ਵਸਨੀਕ ਅਤੇ ਆਲ ਇੰਡੀਆ ਹਿੰਦੂ ਫੈਡਰੇਸ਼ਨ ਦੇ ਮੰਡਲ ਪ੍ਰਧਾਨ ਪੰਕਜ ਪਾਠਕ ਨੇ ਵਕੀਲਾਂ ਗੁਪਤਾ ਤੇ ਅਨਿਲ ਦਿਵੇਦੀ ਰਾਹੀਂ ਰਾਹੁਲ ਖਿਲਾਫ ਐੱਫ ਆਈ ਆਰ ਦਰਜ ਕਰਵਾਉਣ ਲਈ ਸੰਸਦ-ਵਿਧਾਇਕ ਅਦਾਲਤ ਵਿੱਚ ਪਟੀਸ਼ਨ ਦਾਇਰ ਕੀਤੀ ਸੀ, ਜਿਸ ਨੂੰ ਅਦਾਲਤ ਨੇ 27 ਅਗਸਤ ਨੂੰ ਖਾਰਜ ਕਰ ਦਿੱਤਾ ਸੀ। ਇਸ ਆਦੇਸ਼ ਨੂੰ ਚੁਣੌਤੀ ਦਿੰਦੇ ਹੋਏ ਸੈਸ਼ਨ ਅਦਾਲਤ ਵਿੱਚ ਪੁਨਰਵਿਚਾਰ ਪਟੀਸ਼ਨ ਦਾਇਰ ਕੀਤੀ ਗਈ। ਰਾਹੁਲ 'ਤੇ ਇਹ ਦੋਸ਼ ਲਾਇਆ ਗਿਆ ਹੈ ਕਿ ਉਨ੍ਹਾ ਲੋਕ ਸਭਾ ਚੋਣਾਂ ਵਿੱਚ ਕਿਹਾ ਸੀ ਕਿ ਕਮਜ਼ੋਰ ਵਰਗਾਂ ਦਾ ਪ੍ਰਤੀਸ਼ਤ ਵੱਧ ਹੋਣ ਦੇ ਬਾਵਜੂਦ ਉਨ੍ਹਾਂ ਦੀ ਮਾਲਕੀ ਵਾਲੀ ਜਾਇਦਾਦ ਦਾ ਪ੍ਰਤੀਸ਼ਤ ਕਾਫੀ ਘੱਟ ਹੈ। ਜੇ ਇਹੀ ਹਾਲਤ ਰਹੀ ਤਾਂ ਵੱਧ ਆਬਾਦੀ ਵਾਲੇ ਲੋਕ ਵੱਧ ਜਾਇਦਾਦ ਦੀ ਮੰਗ ਕਰ ਸਕਦੇ ਹਨ। ਰਾਹੁਲ ਨੇ ਸਿਆਸੀ ਫਾਇਦੇ ਲਈ ਜਾਤੀ ਨਫਰਤ ਪੈਦਾ ਕਰਨ ਵਾਸਤੇ ਕਮਜ਼ੋਰ ਵਰਗਾਂ ਨੂੰ ਉਕਸਾਇਆ।

## ਨੌਜਵਾਨ ਭਗਤ ਸਿੰਘ ਦੇ ਵਿਚਾਰਾਂ ਦਾ ਦੇਸ਼ ਬਣਾਉਣ ਲਈ ਅੱਗੇ ਆਉਣ : ਮਾੜੀਮੇਘਾ

### ਸੰਸਦ 'ਚ 'ਬਨੇਗਾ' ਪਾਸ ਕੀਤਾ ਜਾਵੇ : ਚਰਨਜੀਤ ਛਾਂਗਾਰਾਏ




**ਭਿੱਖੀਵਿੰਡ** : ਸਰਬ ਭਾਰਤ ਨੌਜਵਾਨ ਸਭਾ ਦੀ ਜ਼ਿਲ੍ਹਾ ਕਾਨਫਰੰਸ ਇਤਿਹਾਸਕ ਨਗਰ ਭਿੱਖੀਵਿੰਡ ਵਿਖੇ ਸੰਪੰਨ ਹੋਈ।ਝੰਡਾ ਲਹਿਰਾਉਣ ਦੀ ਰਸਮ ਸਰਬ ਭਾਰਤ ਨੌਜਵਾਨ ਸਭਾ ਦੇ ਸਾਬਕਾ ਸੂਬਾਈ ਆਗੂ ਸੁਖਦੇਵ ਸਿੰਘ ਕਾਲੇ ਨੇ ਨਿਭਾਈ। ਉਦਘਾਟਨੀ ਵਿਚਾਰ ਰੱਖਦਿਆਂ ਸਰਬ ਭਾਰਤ ਨੌਜਵਾਨ ਸਭਾ ਦੇ ਕੁੱਲ ਹਿੰਦ ਸਾਬਕਾ ਪ੍ਰਧਾਨ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ ਕਿ ਇਹ ਇਨਕਲਾਬੀ ਜਥੇਬੰਦੀ ਦੇਸ਼ ਦੀ ਆਜ਼ਾਦੀ ਤੋਂ ਬਾਅਦ ਪਹਿਲੀ ਜਥੇਬੰਦੀ ਦੇਸ਼ ਪੱਧਰ 'ਤੇ ਬਣੀ, ਜਿਸ ਦਾ ਪ੍ਰੋਗਰਾਮ ਸੀ ਅਮਰ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਦਾ ਹਿੰਦੁਸਤਾਨ ਬਣਾਉਣ ਵਾਸਤੇ ਜੁਆਨੀ ਨੂੰ ਸੁਚੇਤ ਰੂਪ ਵਿੱਚ ਜਥੇਬੰਦ ਕਰਨਾ। ਇਸ ਜਥੇਬੰਦੀ ਨੇ ਹਰੇਕ ਨੌਜਵਾਨ ਨੂੰ ਰੁਜ਼ਗਾਰ ਦੇਣ ਵਾਸਤੇ ਕੰਮ ਦਾ ਮਹੱਤਵਪੂਰਨ ਸੰਘਰਸ਼ ਲੜਿਆ, ਜਿਸ ਦੀ ਮੁੱਖ ਮੰਗ ਸੀ ਕਿ ਰੁਜ਼ਗਾਰ ਨੂੰ

● ਬਾਕੀ ਸਫ਼ਾ 2 'ਤੇ

## ਅੱਜ-ਨਾਮਾ

ਬਦਲਿਆ ਭਾਰਤ ਦਾ ਚੋਣ ਕਾਨੂੰਨ ਜਾਣਾ,
ਕਾਰਨ ਸਾਫ ਨਹੀਂ ਰਹੇ ਕੋਈ ਦੱਸ ਬੇਲੀ।
ਚੋਣ ਕਮਿਸ਼ਨ ਨਾ ਗੱਲ ਸਪੱਸ਼ਟ ਕਹਿੰਦਾ,
ਆਪਣੇ ਉਹਦੇ ਵੀ ਕੱਖ ਨਹੀਂ ਵੱਸ ਬੇਲੀ।
ਦਿੱਤਾ ਅਹੁਦਾ ਸੀ ਜਿਹੜਿਆਂ ਮਾਲਕਾਂ ਨੇ,
ਨਕੇਲ ਤਾਂ ਉਨ੍ਹਾਂ ਨੇ ਫੜੀ ਆ ਕੱਸ ਬੇਲੀ।
ਕਰਦਾ ਏ ਮੁਲਕ ਵਿਰੋਧ ਤਾਂ ਕਰਨ ਦੇਵੋ,
ਹੁੰਦੀ ਸਰਕਾਰ ਨਹੀਂ ਟੱਸ ਤੋਂ ਮੱਸ ਬੇਲੀ।
ਜਿਨ੍ਹਾਂ ਨੇ ਪਹਿਲੇ ਕੁਝ ਬਦਲ ਕਾਨੂੰਨ ਛੱਡੇ,
ਇਹਦਾ ਵੀ ਲੱਗੇ ਨਾ ਕਰਨ ਲਿਹਾਜ਼ ਬੇਲੀ।
ਕਰਦੇ ਵਿਗੜਦੇ ਅਕਸ ਦੀ ਫਿਕਰ ਨਾਹੀਂ,
ਨਹੀਂ ਕੋਈ ਮਾਰਦੀ ਅੱਖਾਂ ਦੀ ਲਾਜ ਬੇਲੀ।

-ਤੀਸ ਮਾਰ ਖਾਂ

## ਧਰਮ ਦੇ ਨਾਂਅ 'ਤੇ ਜ਼ੁਲਮੋ-ਸਿਤਮ ਧਰਮ ਬਾਰੇ ਸਮਝ ਦੀ ਘਾਟ ਦਾ ਨਤੀਜਾ : ਭਾਗਵਤ

**ਅਮਰਾਵਤੀ (ਮਹਾਰਾਸ਼ਟਰ)**
ਆਰ ਐੱਸ ਐੱਸ ਦੇ ਮੁਖੀ ਮੋਹਨ ਭਾਗਵਤ ਨੇ ਐਤਵਾਰ ਕਿਹਾ ਕਿ ਧਰਮ ਦੇ ਨਾਂਅ 'ਤੇ ਹੋਏ ਜ਼ੁਲਮੋ-ਸਿਤਮ ਧਰਮ ਬਾਰੇ ਗਲਤਫਹਿਮੀ ਤੇ ਸਮਝ ਦੀ ਘਾਟ ਦਾ ਨਤੀਜਾ ਸਨ।

'ਮਹਾਨੁਭਵ ਆਸ਼ਰਮ' ਦੇ ਸ਼ਤਾਬਦੀ ਸਮਾਗਮ ਵਿੱਚ ਬੋਲਦਿਆਂ ਉਨ੍ਹਾ ਕਿਹਾ ਕਿ ਧਰਮ ਅਹਿਮ ਹੈ ਤੇ ਇਸ ਨੂੰ ਯੋਗ ਢੰਗ ਨਾਲ ਪੜ੍ਹਾਇਆ ਜਾਣਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਧਰਮ ਦਾ ਅਢੁੱਕਵਾਂ ਤੇ ਅਧੂਰਾ ਗਿਆਨ ਅਧਰਮ ਵੱਲ ਲਿਜਾਂਦਾ ਹੈ। ਧਰਮ ਦੇ ਨਾਂਅ 'ਤੇ ਦੁਨੀਆ-ਭਰ ਵਿੱਚ ਹੋਏ ਜ਼ੁਲਮੋ-ਸਿਤਮ ਦਰਅਸਲ ਧਰਮ ਬਾਰੇ ਗਲਤਫਹਿਮੀ ਤੇ ਸਮਝ ਦੀ ਘਾਟ ਕਾਰਨ ਹੋਏ। ਉਨ੍ਹਾ ਕਿਹਾ ਕਿ ਧਰਮ ਹਮੇਸ਼ਾ ਤੋਂ ਰਿਹਾ ਹੈ ਤੇ ਹਰ ਕੰਮ ਇਸ ਦੇ ਮੁਤਾਬਕ ਚਲਦਾ ਹੈ। ਇਸੇ ਕਰਕੇ ਇਸ ਨੂੰ ਸਨਾਤਨ ਕਹਿੰਦੇ ਹਨ। ਧਰਮ ਦਾ ਵਿਹਾਰ ਧਰਮ ਦੀ ਰਾਖੀ ਕਰਨਾ ਹੈ।





Punjab Land of Unlimited Opportunities
ਭ੍ਰਿਸ਼ਟਾਚਾਰ ਮੁਕਤ ਪੰਜਾਬ
ਭ੍ਰਿਸ਼ਟਾਚਾਰੀਆਂ ਦੀ ਹੁਣ ਖ਼ੈਰ ਨਹੀਂ
778 ਤੋਂ ਵੱਧ ਕੀਤੇ ਗ੍ਰਿਫ਼ਤਾਰ
ਜੇਕਰ ਕੋਈ ਸਰਕਾਰੀ ਕਰਮਚਾਰੀ ਤੁਹਾਡੇ ਕੋਲੋਂ ਰਿਸ਼ਵਤ ਮੰਗਦਾ ਹੈ ਤਾਂ ਉਸ ਨੂੰ ਮਨ੍ਹਾ ਨਾ ਕਰੋ ਸਗੋਂ ਉਸਦੀ ਸਾਰੀ ਗੱਲਬਾਤ ਦੀ ਆਡੀਓ / ਵੀਡੀਓ ਰਿਕਾਰਡ ਕਰਕੇ ਥੱਲੇ ਦਿੱਤੇ ਵੱਟਸਐਪ ਨੰਬਰ 'ਤੇ ਭੇਜੋ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਿੱਜੀ ਤੌਰ 'ਤੇ ਇਸ ਨੰਬਰ ਦੀ ਨਿਗਰਾਨੀ ਕਰ ਰਹੇ ਹਨ ਅਤੇ ਤੁਹਾਡੀ ਸ਼ਿਕਾਇਤ 'ਤੇ ਕਾਰਵਾਈ ਕਰਨਗੇ।
ਐਂਟੀ-ਕੁਰੱਪਸ਼ਨ ਐਕਸ਼ਨ ਲਾਈਨ
9501-200-200
ਇੱਥੇ ਸਕੈਨ ਕਰੋ
ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਵੱਟਸਐਪ ਚੈਨਲ ਨਾਲ ਜੁੜੋ
"ਰੰਗਲਾ ਪੰਜਾਬ ਬਣਾਉਣ ਦਾ ਜੋ ਅਸੀਂ ਸੁਪਨਾ ਦੇਖਿਆ ਸੀ, ਉਹ ਹੌਲੀ-ਹੌਲੀ ਪੂਰਾ ਹੋ ਰਿਹਾ ਹੈ। ਭ੍ਰਿਸ਼ਟਾਚਾਰ ਮੁਕਤ ਪੰਜਾਬ ਬਣਾਉਣਾ ਹੀ ਸਾਡਾ ਖ਼ੁਆਬ ਹੈ। ਪੰਜਾਬ ਵਿੱਚ ਰਿਸ਼ਵਤ ਲੈਣ ਵਾਲਿਆਂ ਦੀ ਹੁਣ ਖ਼ੈਰ ਨਹੀਂ।"
ਭਗਵੰਤ ਸਿੰਘ ਮਾਨ
ਮੁੱਖ ਮੰਤਰੀ ਪੰਜਾਬ
ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ

23-Dec-PAGE-4-2024.qxd 12/22/2024 9:43 PM Page 1

ਨਵਾਂ ਜ਼ਮਾਨਾ
ਸੋਮਵਾਰ, 23 ਦਸੰਬਰ 2024

# ਬਾਬਾ ਸਾਹਿਬ ਦਾ ਅਪਮਾਨ ਭਾਰੀ ਪਵੇਗਾ

25 ਨਵੰਬਰ ਨੂੰ ਸ਼ੁਰੂ ਹੋਇਆ ਸੰਸਦ ਦਾ ਸਰਦ ਰੁੱਤ ਸਮਾਗਮ ਬੀਤੇ ਸ਼ੁੱਕਰਵਾਰ ਸਮਾਪਤ ਹੋ ਗਿਆ। ਇਹ ਸਮਾਗਮ ਪਹਿਲੇ ਦਿਨ ਤੋਂ ਹੀ ਹੰਗਾਮਿਆਂ ਦੀ ਭੇਟ ਚੜ੍ਹਿਆ ਰਿਹਾ। ਸਮਾਗਮ ਦੇ ਸ਼ੁਰੂ ਹੁੰਦਿਆਂ ਹੀ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਸੱਤਾਧਾਰੀਆਂ ਦੀ ਦੁਖਦੀ ਰਗ, ਅਮਰੀਕੀ ਅਦਾਲਤ ਵੱਲੋਂ ਅਡਾਨੀ ਦੇ ਗ੍ਰਿਫ਼ਤਾਰੀ ਵਰੰਟ ਜਾਰੀ ਕੀਤੇ ਜਾਣ ਦਾ ਮੁੱਦਾ ਚੁੱਕ ਕੇ ਇਸ ਉਤੇ ਬਹਿਸ ਦੀ ਮੰਗ ਕਰ ਦਿੱਤੀ। ਹੁਕਮਰਾਨ ਧਿਰ ਨੇ ਇਸ ਮੁੱਦੇ ਨੂੰ ਦਬਾਉਣ ਲਈ ਕਾਹਲੀ-ਕਾਹਲੀ ਨਾਲ 'ਇੱਕ ਦੇਸ਼-ਇਕ ਚੋਣ' ਦਾ ਬਿੱਲ ਪੇਸ਼ ਕਰ ਦਿੱਤਾ। ਬਿੱਲ ਪੇਸ਼ ਕਰਨ ਲਈ ਹੋਈ ਵੋਟਿੰਗ ਵਿੱਚ ਹੁਕਮਰਾਨ ਧਿਰ ਨੂੰ ਉਸ ਸਮੇਂ ਨਮੋਸ਼ੀ ਝੱਲਣੀ ਪਈ, ਜਦੋਂ ਉਸ ਦੇ ਆਪਣੇ ਤੇ ਹਮਾਇਤੀ ਪਾਰਟੀਆਂ ਦੇ ਬਹੁਤ ਸਾਰੇ ਮੈਂਬਰਾਂ ਨੇ ਵੋਟਿੰਗ ਵਿੱਚ ਹਿੱਸਾ ਨਾ ਲਿਆ। ਨਤੀਜੇ ਵਜੋਂ ਬਿੱਲ ਨੂੰ ਸੰਸਦੀ ਕਮੇਟੀ ਦੇ ਹਵਾਲੇ ਕਰਨਾ ਪਿਆ। ਇਸ ਦੌਰਾਨ ਸੰਵਿਧਾਨ ਉੱਤੇ ਤਿੱਖੀ ਬਹਿਸ ਹੋਈ। ਵਿਰੋਧੀ ਦਲਾਂ ਨੇ ਸੰਘਵਾਦ ਤੇ ਲੋਕਤੰਤਰ ਦੇ ਸਿਧਾਂਤਾਂ ਨੂੰ ਕਮਜ਼ੋਰ ਕੀਤੇ ਜਾਣ ਲਈ ਹੁਕਮਰਾਨ ਧਿਰ 'ਤੇ ਤਿੱਖੇ ਹਮਲੇ ਕੀਤੇ। ਇਨ੍ਹਾਂ ਹਮਲਿਆਂ ਦੇ ਜਵਾਬ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇਹ ਕਹਿ ਕੇ ਕਿ, ਅੰਬੇਡਕਰ ਦਾ ਨਾਂਅ ਲੈਣਾ ਹੁਣ ਫੈਸ਼ਨ ਹੋ ਗਿਆ ਹੈ, ਅੰਬੇਡਕਰ, ਅੰਬੇਡਕਰ, ਅੰਬੇਡਕਰ, ਅੰਬੇਡਕਰ, ਅੰਬੇਡਕਰ...ਏਨੀ ਵਾਰ ਅਗਰ ਭਗਵਾਨ ਦਾ ਨਾਂਅ ਲੈਂਦੇ ਤਾਂ ਸੱਤ ਜਨਮਾਂ ਤੱਕ ਸਵਰਗ ਮਿਲ ਜਾਂਦਾ, ਭੁਚਾਲ ਲੈ ਆਂਦਾ।

ਇਹ ਕੋਈ ਜ਼ੁਬਾਨ ਦੀ ਫਿਸਲਣ ਨਹੀਂ ਸੀ, ਕਿਉਂਕਿ ਸਾਫ਼ ਦਿਸ ਰਿਹਾ ਸੀ ਕਿ ਅਮਿਤ ਸ਼ਾਹ ਲਿਖਿਆ ਹੋਇਆ ਭਾਸ਼ਣ ਪੜ੍ਹ ਰਹੇ ਹਨ। ਅਸਲ ਵਿੱਚ ਅਡਾਨੀ ਮੁੱਦੇ ਤੋਂ ਧਿਆਨ ਭਟਕਾਉਣ ਲਈ ਇਹ ਜਾਣਬੁੱਝ ਕੇ ਕੀਤਾ ਗਿਆ ਗੁਨਾਹ ਸੀ। ਬਾਬਾ ਸਾਹਿਬ ਅੰਬੇਡਕਰ ਦੇ ਇਸ ਅਪਮਾਨ ਵਿਰੁੱਧ ਸਾਰਾ ਦੇਸ਼ ਉੱਬਲ ਪਿਆ। ਦੇਸ਼ ਦੇ ਕੋਨੇ-ਕੋਨੇ ਵਿੱਚ ਲੋਕ ਆਪਮੁਹਾਰੇ ਗ੍ਰਹਿ ਮੰਤਰੀ ਦੇ ਅਸਤੀਫ਼ੇ ਦੀ ਮੰਗ ਨੂੰ ਲੈ ਕੇ ਸੜਕਾਂ 'ਤੇ ਆ ਗਏ ਹਨ। ਜਿਹੜੀ ਵਿਰੋਧੀ ਧਿਰ ਅਡਾਨੀ ਦੇ ਮੁੱਦੇ ਉੱਤੇ ਬਿਖਰੀ-ਬਿਖਰੀ ਨਜ਼ਰ ਆ ਰਹੀ ਸੀ, ਇਕਮੁੱਠ ਹੋ ਗਈ । ਸੱਤਾਧਾਰੀ ਧਿਰ ਐੱਨ ਡੀ ਏ ਦੇ ਕਈ ਭਾਈਵਾਲਾਂ ਨੇ ਵੀ ਅਮਿਤ ਸ਼ਾਹ ਦੇ ਬਿਆਨ ਦੀ ਤਿੱਖੀ ਅਲੋਚਨਾ ਕੀਤੀ।

ਕੁਝ ਸਿਆਸੀ ਟਿੱਪਣੀਕਾਰਾਂ ਦਾ ਮੱਤ ਹੈ ਕਿ ਅਮਿਤ ਸ਼ਾਹ ਨੂੰ ਆਪਣੀ ਗਲਤੀ ਸੁਧਾਰਨ ਲਈ ਮੁਆਫ਼ੀ ਮੰਗ ਕੇ ਮਸਲੇ ਨੂੰ ਠੰਢਾ ਕਰ ਦੇਣਾ ਚਾਹੀਦਾ ਸੀ, ਪਰ ਉਨ੍ਹਾ ਦੀ ਸੋਚ ਗਲਤ ਹੈ। ਅਮਿਤ ਸ਼ਾਹ ਦੀ ਤਾਂ ਕਾਬਲੀਅਤ ਹੀ ਵਿਰੋਧੀਆਂ ਪ੍ਰਤੀ ਘ੍ਰਿਣਾ, ਨ਼ਫਰਤ ਤੇ ਕਰੂਰਤਾ ਹੈ। ਇਹ ਉਨ੍ਹਾ ਦੇ ਚਿਹਰੇ ਤੇ ਨਜ਼ਰਾਂ 'ਚੋਂ ਡੁੱਲ੍ਹ-ਡੁੱਲ੍ਹ ਪੈਂਦੀ ਹੈ। ਬਾਬਾ ਸਾਹਿਬ ਅੰਬੇਡਕਰ ਬਾਰੇ ਉਨ੍ਹਾ ਵੱਲੋਂ ਵਰਤੇ ਗਏ ਸ਼ਬਦ ਇਸੇ ਨ਼ਫਰਤੀ ਸੋਚ ਦਾ ਨਤੀਜਾ ਸਨ। ਅਮਿਤ ਸ਼ਾਹ, ਜਿਸ ਦਿਨ ਮੁਆਫ਼ੀ ਮੰਗ ਲਏਗਾ, ਉਸੇ ਦਿਨ ਉਸ ਵੱਲੋਂ ਉਸਾਰਿਆ ਗਿਆ ਦਹਿਸ਼ਤ ਤੇ ਭੈਅ ਦਾ ਵਾਤਾਵਰਣ ਉਸ ਦਾ ਮੂੰਹ ਚਿੜਾਉਣ ਲੱਗ ਜਾਵੇਗਾ। ਇਸੇ ਕਾਰਨ ਰਾਤੋ-ਰਾਤ ਇੱਕ ਨਵੇਂ ਨਾਟਕ ਦੀ ਤਿਆਰੀ ਕੀਤੀ ਗਈ। ਅਗਲੇ ਦਿਨ ਸੰਸਦ ਦਾ ਸਮਾਗਮ ਸ਼ੁਰੂ ਹੋਣ ਤੋਂ ਪਹਿਲਾਂ ਜਦੋਂ ਵਿਰੋਧੀ ਪਾਰਟੀਆਂ ਦੇ ਸੰਸਦ ਮੈਂਬਰ ਬਾਬਾ ਸਾਹਿਬ ਅੰਬੇਡਕਰ ਦੇ ਬੁੱਤ ਤੋਂ ਸੰਸਦ ਦੇ ਗੇਟ ਤੱਕ ਅਮਿਤ ਸ਼ਾਹ ਦੇ ਅਸਤੀਫ਼ੇ ਦੀ ਮੰਗ ਨੂੰ ਲੈ ਕੇ ਰੋਸ ਮਾਰਚ ਕਰ ਰਹੇ ਸਨ ਤਾਂ ਸਾਹਮਣੇ ਭਾਜਪਾ ਦੇ ਲੱਠਮਾਰ ਸੰਸਦ ਮੋਟੇ ਡੰਡਿਆਂ ਵਾਲੀਆਂ ਤਖ਼ਤੀਆਂ ਲੈ ਕੇ ਰਾਹ ਰੋਕੀ ਖੜ੍ਹੇ ਸਨ। ਇਹੋ ਨਹੀਂ, ਇਨ੍ਹਾਂ ਮੈਂਬਰਾਂ ਵੱਲੋਂ ਵਿਰੋਧੀ ਦਲਾਂ ਦੇ ਮੈਂਬਰਾਂ ਨਾਲ ਧੱਕਾ-ਮੁੱਕੀ ਕਰਕੇ ਉਨ੍ਹਾਂ ਨੂੰ ਸੰਸਦ ਅੰਦਰ ਜਾਣ ਤੋਂ ਰੋਕਿਆ ਗਿਆ। ਇਸੇ ਦੌਰਾਨ ਇਹ ਰੌਲਾ ਪਾ ਦਿੱਤਾ ਗਿਆ ਕਿ ਰਾਹੁਲ ਗਾਂਧੀ ਵੱਲੋਂ ਫ਼ਰੂਖਾਬਾਦ ਤੋਂ ਭਾਜਪਾ ਸਾਂਸਦ ਮੁਕੇਸ਼ ਰਾਜਪੂਤ ਨੂੰ ਧੱਕਾ ਮਾਰੇ ਜਾਣ ਕਾਰਨ ਉਹ ਇਕ ਹੋਰ ਸਾਂਸਦ ਪ੍ਰਤਾਪ ਸਿੰਘ ਸਾਰੰਗੀ ਉੱਤੇ ਡਿਗ ਪਏ, ਜਿਸ ਕਾਰਨ ਪ੍ਰਤਾਪ ਸਿੰਘ ਸਾਰੰਗੀ ਦੇ ਸਿਰ ਵਿੱਚ ਸੱਟ ਲੱਗ ਗਈ। ਓਡੀਸ਼ਾ ਤੋਂ ਸਾਂਸਦ ਸਾਰੰਗੀ ਉਹ ਬਜਰੰਗ ਦਲ ਦਾ ਆਗੂ ਹੈ, ਜਿਸ ਉੱਤੇ ਈਸਾਈ ਮਿਸ਼ਨਰੀ ਗ੍ਰਾਹਮ ਸਟੇਨ ਤੇ ਉਸ ਦੇ ਦੋ ਮਾਸੂਮ ਬੱਚਿਆਂ ਨੂੰ ਜੀਪ ਵਿੱਚ ਸੁੱਤੇ ਪਿਆਂ ਨੂੰ ਅੱਗ ਲਾ ਕੇ ਸਾੜ ਦੇਣ ਦਾ ਦੋਸ਼ ਲੱਗਿਆ ਸੀ।

ਦੋਹਾਂ ਸਾਂਸਦਾਂ ਨੂੰ ਤੁਰੰਤ ਆਰ ਐੱਮ ਐੱਲ ਹਸਪਤਾਲ ਦੇ ਆਈ ਸੀ ਯੂ ਵਾਰਡ ਵਿੱਚ ਭਰਤੀ ਕਰ ਦਿੱਤਾ ਗਿਆ। ਹਾਲੇ ਨਾਟਕ ਦਾ ਆਖਰੀ ਸੀਨ ਬਾਕੀ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਮੋਬਾਇਲ ਉੱਤੇ ਪ੍ਰਤਾਪ ਸਾਰੰਗੀ ਨੂੰ ਕਾਲ ਕੀਤੀ ਗਈ। ਸਾਰੰਗੀ ਨੇ ਜਦੋਂ ਹੈਲੋ ਸਰ ਕਿਹਾ ਤਾਂ ਉਸ ਨੂੰ ਆਖਿਆ ਗਿਆ ਕਿ ਸਪੀਕਰ ਔਨ ਕਰੋ, ਤਾਂ ਕਿ ਪ੍ਰਧਾਨ ਮੰਤਰੀ ਵੱਲੋਂ ਪ੍ਰਗਟ ਕੀਤੀ ਜਾ ਰਹੀ ਸੰਵੇਦਨਾ ਵੀਡੀਓ ਕੈਮਰਿਆਂ ਵਿੱਚ ਰਿਕਾਰਡ ਹੋ ਸਕੇ। ਕਦੇ ਦੇਖਿਆ, ਸੁਣਿਆ ਹੈ ਆਈ ਸੀ ਯੂ 'ਚ ਭਰਤੀ ਮਰੀਜ਼ਾਂ ਦੀ ਏਨੀ 'ਗੰਭੀਰ' ਹਾਲਤ ਬਾਰੇ। ਇਸੇ ਦੌਰਾਨ ਇਕ ਹੋਰ ਵੀਡੀਓ ਨੇ ਸਾਰੇ ਨਾਟਕ ਦਾ ਭਾਂਡਾ ਭੰਨ ਦਿੱਤਾ। ਮੁਕੇਸ਼ ਰਾਜਪੂਤ ਨੂੰ ਜਦੋਂ ਇਹ ਪੁੱਛਿਆ ਗਿਆ ਕਿ ਜਦੋਂ ਧੱਕਾ ਵੱਜਾ ਉਦੋਂ ਰਾਹੁਲ ਗਾਂਧੀ ਕਿਥੇ ਸੀ ਤਾਂ ਉਸ ਨੇ ਕਿਹਾ ਕਿ ਉਹ ਅੱਗੇ ਜਾ ਰਿਹਾ ਸੀ। ਅੱਗੇ ਜਾ ਰਿਹਾ ਵਿਅਕਤੀ ਭਲਾ ਪਿਛਿਓਂ ਧੱਕਾ ਕਿਵੇਂ ਦੇ ਸਕਦਾ ਹੈ।

ਇਸ ਤੋਂ ਤੁਰੰਤ ਬਾਅਦ ਭਾਜਪਾ ਸਾਂਸਦ ਅਨੁਰਾਗ ਠਾਕੁਰ ਤੇ ਬਾਂਸੁਰੀ ਸਵਰਾਜ ਨੇ ਭਾਜਪਾ ਸਾਂਸਦ ਹੇਮਾਂਗ ਜੋਸ਼ੀ ਰਾਹੀਂ ਸੰਸਦ ਮਾਰਗ ਪੁਲਸ ਸਟੇਸ਼ਨ ਜਾ ਕੇ ਰਾਹੁਲ ਗਾਂਧੀ ਵਿਰੁੱਧ ਕਈ ਸਖ਼ਤ ਧਾਰਾਵਾਂ ਅਧੀਨ ਮਾਮਲਾ ਦਰਜ ਕਰਾ ਦਿੱਤਾ। ਇਸ ਤੋਂ ਕੁਝ ਸਮੇਂ ਬਾਅਦ ਕਾਂਗਰਸ ਨੇ ਵੀ ਮਲਿਕਾਰਜੁਨ ਖੜਗੇ ਨੂੰ ਧੱਕੇ ਦੇ ਕੇ ਡੇਗਣ ਦੀ ਸ਼ਿਕਾਇਤ ਦਰਜ ਕਰਾ ਦਿੱਤੀ, ਪਰ ਮਾਮਲਾ ਦਰਜ ਨਾ ਕੀਤਾ ਗਿਆ। ਕਾਂਗਰਸ ਲਗਾਤਾਰ ਮੰਗ ਕਰ ਰਹੀ ਹੈ ਕਿ ਧੱਕਾ-ਮੁੱਕੀ ਦੀ ਸੀ ਸੀ ਟੀ ਵੀ ਫੁਟੇਜ ਜਨਤਕ ਕੀਤੀ ਜਾਵੇ, ਪੂਰਾ ਸੱਚ ਸਾਹਮਣੇ ਆ ਜਾਵੇਗਾ, ਪਰ ਲੋਕ ਸਭਾ ਸਪੀਕਰ ਦਾ ਦਫ਼ਤਰ ਚੁੱਪ ਵੱਟੀ ਬੈਠਾ ਹੈ। ਇਹ ਪਹਿਲਾਂ ਵੀ ਹੋ ਚੁੱਕਾ ਹੈ, ਜਦੋਂ ਕਾਂਗਰਸ ਦੇ ਰਾਜ ਸਭਾ ਸਾਂਸਦ ਅਭਿਸ਼ੇਕ ਮਨੂੰ ਸਿੰਘਵੀ ਦੀ ਸੀਟ ਤੋਂ 500 ਦੇ ਨੋਟਾਂ ਦੀ ਗੱਟੀ ਮਿਲਣ ਦੀ ਗੱਲ ਸਾਹਮਣੇ ਆਈ ਸੀ ਤਾਂ ਸਿੰਘਵੀ ਨੇ ਸੀ ਸੀ ਟੀ ਵੀ ਫੁਟੇਜ ਪੇਸ਼ ਕਰਨ ਦੀ ਮੰਗ ਕੀਤੀ ਸੀ, ਪਰ ਅੱਜ ਤੱਕ ਉਹ ਫੁਟੇਜ ਜਨਤਕ ਨਹੀਂ ਕੀਤੀ ਗਈ।

ਬਾਬਾ ਸਾਹਿਬ ਦੇ ਅਮਿਤ ਸ਼ਾਹ ਵੱਲੋਂ ਕੀਤੇ ਅਪਮਾਨ ਵਿਰੁੱਧ ਦੇਸ਼-ਭਰ ਵਿੱਚ ਉਠੇ ਵਿਰੋਧ ਨੇ ਪ੍ਰਧਾਨ ਮੰਤਰੀ ਨੂੰ ਏਨਾ ਡਰਾ ਦਿੱਤਾ ਹੈ ਕਿ ਸੰਸਦ ਸਮਾਗਮ ਦੇ ਆਖਰੀ ਦਿਨ ਸ਼ੁੱਕਰਵਾਰ ਨੂੰ ਉਨ੍ਹਾ ਦਾ ਸਮਾਪਤੀ ਭਾਸ਼ਣ ਬਿਨਾਂ ਹੀ ਸਮਾਗਮ ਉਠਾ ਦਿੱਤਾ ਗਿਆ। ਬਿੱਲੀ ਨੂੰ ਦੇਖ ਕੇ ਅੱਖਾਂ ਮੀਟ ਲੈਣ ਨਾਲ ਕਬੂਤਰ ਦੀ ਜਾਨ ਨਹੀਂ ਬਚ ਜਾਂਦੀ। ਬਾਬਾ ਸਾਹਿਬ ਅੰਬੇਡਕਰ ਦਲਿਤਾਂ, ਪਛੜਿਆਂ ਦੇ ਮਸੀਹਾ ਹਨ। ਅਮਿਤ ਸ਼ਾਹ ਜਿਸ ਨਰਕ-ਸਵਰਗ ਦੀ ਗੱਲ ਕਰਦੇ ਹਨ, ਉਹ ਕਿਸੇ ਨੇ ਨਹੀਂ ਦੇਖਿਆ, ਪਰ ਦੇਸ਼ ਦੇ ਦਲਿਤਾਂ, ਪਛੜਿਆਂ ਤੇ ਔਰਤਾਂ ਨੇ ਨਰਕ ਵੀ ਭੋਗਿਆ ਹੈ ਤੇ ਉਸ ਨਰਕ 'ਚੋਂ ਨਿਕਲਣ ਦਾ ਸੰਵਿਧਾਨ ਰੂਪੀ ਰਾਹ ਬਣਾ ਦੇਣ ਵਾਲੇ ਬਾਬਾ ਸਾਹਿਬ ਉਨ੍ਹਾਂ ਲਈ ਭਗਵਾਨ ਤੋਂ ਵੀ ਵਧ ਕੇ ਹਨ। ਇਸ ਲਈ ਬਾਬਾ ਸਾਹਿਬ ਦੇ ਅਪਮਾਨ ਦੀ ਅੱਗ ਲੰਮੇ ਸਮੇਂ ਤੱਕ ਧੁਖਦੀ ਰਹੇਗੀ। ਵਿਰੋਧੀ ਧਿਰਾਂ ਨੂੰ ਇਸ ਮੌਕੇ ਨੂੰ ਅਜਾਈਂ ਨਹੀਂ ਜਾਣ ਦੇਣਾ ਚਾਹੀਦਾ। ਇਸ ਮੌਕੇ ਨੂੰ ਆਰ ਐੱਸ ਐੱਸ ਦੀ ਜਾਤੀ ਮਾਨਸਿਕਤਾ ਵਿਰੁੱਧ ਜਨ-ਸੰਘਰਸ਼ ਤੱਕ ਅੱਗੇ ਵਧਾਉਣਾ ਸਮੇਂ ਦੀ ਲੋੜ ਹੈ। ਅੱਜ ਲੋੜ ਹੈ ਬਾਬਾ ਸਾਹਿਬ ਦੇ ਜਾਤੀਵਾਦ ਤੇ ਹਿੰਦੂਤਵ ਵਿਰੁੱਧ ਪੇਸ਼ ਕੀਤੇ ਗਏ ਵਿਚਾਰਾਂ ਨੂੰ ਇਕ ਪੈਂਫਲਟ ਦੇ ਰੂਪ ਵਿੱਚ ਘਰ-ਘਰ ਪੁਚਾਉਣ ਦੀ, ਤਾਂ ਜੋ ਸੰਘ ਦੀ ਤਾਨਾਸ਼ਾਹੀ ਵਿਰੁੱਧ ਬਾਬਾ ਸਾਹਿਬ ਦੀ ਵਿਚਾਰਧਾਰਾ ਨੂੰ ਸੰਘਰਸ਼ ਦਾ ਕੇਂਦਰੀ ਮੁੱਦਾ ਬਣਾਇਆ ਜਾ ਸਕੇ।

-ਚੰਦ ਫਤਿਹਪੁਰੀ

# ਕੀ ਖੇਤੀ ਸੁਧਾਰਾਂ ਨਾਲ ਕਾਰਪੋਰੇਟ ਦੀ ਹਿੱਸੇਦਾਰੀ ਵਧੇਗੀ ?


ਡਾ. ਅਮਨਪ੍ਰੀਤ ਸਿੰਘ ਬਰਾੜ

ਅੱਜ ਦੁਨੀਆ ਵਿੱਚ ਹਰ ਪਾਸੇ ਖੇਤੀ ਵਿੱਚ ਸੁਧਾਰਾਂ ਬਾਰੇ ਚਰਚਾ ਹੋ ਰਹੀ ਹੈ। ਕਦੇ ਗੱਲ ਖੇਤੀ ਦੀ ਉਪਜ ਵਧਾਉਣ ਵਿੱਚ ਕਿਸਾਨਾਂ ਦੀ ਕੁਸ਼ਲਤਾ, ਕਦੇ ਰਸਾਇਣਾਂ ਦੀ ਵਰਤੋਂ ਅਤੇ ਆਰਗੈਨਿਕ ਖੇਤੀ ਸਬੰਧੀ ਕਦੇ ਉਪਜ ਦੀ ਗੁਣਵੱਤਾ ਅਤੇ ਕਦੇ ਵਧਦੇ ਤਾਪਮਾਨ ਅਤੇ ਗਰੀਨ ਹਾਊਸ ਗੈਸਾਂ ਨਾਲ ਜੋੜੀ ਜਾਂਦੀ ਹੈ। ਦੁਨੀਆ ਭਰ ਵਿੱਚ ਹੀ ਕਿਸਾਨਾਂ ਦੀ ਹਾਲਤ ਤਰਸਯੋਗ ਇੱਕੋ ਜਿਹੀ ਹੈ। ਇਹ ਗੱਲ ਵੱਖਰੀ ਹੈ ਕਿ ਵਿਕਸਤ ਦੇਸ਼ਾਂ ਵਿੱਚ ਕਿਸਾਨਾਂ ਦੀ ਗਿਣਤੀ ਅਬਾਦੀ ਦੇ ਲਿਹਾਜ਼ ਨਾਲ (ਪ੍ਰਤੀਸ਼ਤ) ਬਹੁਤ ਥੋੜ੍ਹੀ ਹੈ ਅਤੇ ਭਾਰਤ ਵਰਗੇ ਘੱਟ ਵਿਕਸਤ ਦੇਸ਼ਾਂ ਵਿੱਚ ਇਹ ਅੰਕੜਾ 50 ਤੋਂ 60 ਫੀਸਦੀ ਤੱਕ ਜਾ ਪਹੁੰਚਦਾ ਹੈ।

ਸਰਕਾਰਾਂ ਵੱਲੋਂ ਇਹ ਕਿਹਾ ਜਾਂਦਾ ਹੈ ਕਿ ਕਿਉਂਕਿ ਕਿਸਾਨਾਂ ਕੋਲ ਨਿਵੇਸ਼ ਲਈ ਪੈਸਾ ਨਹੀਂ । ਇਸ ਲਈ ਕਾਰਪੋਰੇਟ ਨੂੰ ਖੇਤੀ ਵਿੱਚ ਲਿਆਉਣ ਦੀ ਲੋੜ ਹੈ। ਪਿਛਲੇ ਤਿੰਨ ਕਾਨੂੰਨ ਇਸੇ ਸੋਚ ਦੀ ਦੇਣ ਸਨ, ਜਿਹਨਾਂ ਨੂੰ ਹੁਣ ਵੀ ਵਿੰਗੇ-ਟੇਡੇ ਢੰਗ ਨਾਲ ਲਿਆਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਪਰ ਅਸਲ ਗੱਲ ਇਹ ਹੈ ਕਿ ਖੇਤੀ ਇੱਕ ਅਜਿਹਾ ਧੰਦਾ ਹੈ, ਜੋ ਪੈਸੇ ਵਾਲੇ ਦੇ ਹੱਥ ਵਿੱਚ ਕਦੇ ਵੀ ਫ਼ੇਲ੍ਹ ਹੋਣ ਵਾਲਾ ਨਹੀਂ। ਇਸ ਧੰਦੇ ਨੂੰ ਚਾਰ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ। ਪੈਦਾਵਾਰ, ਰੱਖ-ਰਖਾਵ, ਪ੍ਰੋਸੈਸਿੰਗ ਅਤੇ ਮਾਰਕੀਟਿੰਗ। ਪਿਛਲੇ ਤਿੰਨ ਹਿੱਸੇ ਸਟੋਰੇਜ, ਪ੍ਰੋਸੈਸਿੰਗ ਅਤੇ ਮੰਡੀਕਰਨ ਪਹਿਲਾਂ ਹੀ ਕਾਰਪੋਰੇਟ ਦੇ ਹੱਥ ਵਿੱਚ ਹਨ, ਜੇ ਪੈਦਾਵਾਰ ਵੀ ਇਹਨਾਂ ਦੇ ਹੱਥ ਵਿੱਚ ਆ ਜਾਵੇ ਤਾਂ ਸਮੁੱਚਾ ਖੁਰਾਕ ਉਦਯੋਗ ਇਹਨਾਂ ਦੇ ਕਬਜ਼ੇ ਵਿੱਚ ਹੋਵੇਗਾ। ਕਾਰਪੋਰੇਟਸ ਨੂੰ ਜ਼ਮੀਨ ਮਾਰਕੀਟ ਰੇਟ 'ਤੇ ਖਰੀਦਣ ਦੀ ਆਦਤ ਹੀ ਨਹੀਂ । ਸਰਕਾਰਾਂ ਇਹਨਾਂ ਨੂੰ ਜ਼ਮੀਨਾਂ ਆਪ ਅਕੁਆਇਰ ਕਰਕੇ ਸਸਤੇ ਭਾਅ 'ਤੇ ਜਾਂ ਮੁਫ਼ਤ ਉਦਯੋਗ ਲਗਾਉਣ ਨੂੰ ਦਿੰਦੀਆਂ ਹਨ। ਇਸੇ ਕਰਕੇ ਸੁਧਾਰਾਂ ਵਿੱਚ ਠੇਕੇ ਦੀ ਖੇਤੀ 'ਤੇ ਜ਼ੋਰ ਹੈ। ਜ਼ਮੀਨ ਕੰਪਨੀ ਨੂੰ ਠੇਕੇ 'ਤੇ ਦੇਣ ਵਿੱਚ ਤੇ ਆਮ ਕਿਸਾਨ ਨੂੰ ਠੇਕੇ 'ਤੇ ਦੇਣ ਵਿੱਚ ਜ਼ਮੀਨ-ਅਸਮਾਨ ਦਾ ਫ਼ਰਕ ਹੈ।

ਕੁਝ ਵਰ੍ਹੇ ਪਹਿਲਾਂ ਇੱਕ ਪੰਜਾਬੀ ਸਰਦਾਰ, ਜਿਸ ਨੂੰ 'ਗਰਾਊਂਡ ਨਟ ਕਿੰਗ' ਦੇ ਨਾਂਅ ਨਾਲ ਨਿਵਾਜਿਆ ਗਿਆ, ਉਸ ਦੀ ਸਕਸੈੱਸ ਸਟੋਰੀ ਦੇਖੋ ਤਾਂ ਉਹ ਵੀ ਇੱਕ ਮਲਟੀਨੈਸ਼ਨਲ ਕੰਪਨੀ ਦਾ ਸੀ, ਜੋ ਸਿੰਗਾਪੁਰ ਤੋਂ ਚਲਦੀ ਹੈ, ਉਸ ਦਾ ਮੁਲਾਜ਼ਮ ਹੈ। ਉਸ ਨੂੰ ਓਲਮ ਇੰਟਰਨੈਸ਼ਨਲ ਕੰਪਨੀ ਵੱਲੋਂ 2005 ਵਿੱਚ ਅਰਜਨਟੀਨਾ ਮੂੰਗਫ਼ਲੀ ਖਰੀਦਣ ਲਈ ਭੇਜਿਆ ਗਿਆ। ਉਸ ਨੇ ਉਥੇ ਜਾ ਕੇ ਰਿਪੋਰਟ ਦਿੱਤੀ ਕਿ ਸਾਨੂੰ ਇਥੋਂ ਖਰੀਦਣ ਦੀ ਬਜਾਏ ਜ਼ਮੀਨ ਠੇਕੇ 'ਤੇ ਲੈ ਕੇ ਆਪ ਮੂੰਗਫਲੀ ਦੀ ਖੇਤੀ ਕਰਨੀ ਚਾਹੀਦੀ ਹੈ। ਕੰਪਨੀ ਨੇ ਉਸ ਦੀ ਸਲਾਹ ਮੰਨ ਲਈ। 2016 ਤੱਕ ਕੰਪਨੀ ਤਕਰੀਬਨ 9000 ਏਕੜ ਜ਼ਮੀਨ, ਖੇਤੀ ਕਰਨ ਲੱਗ ਗਈ।

ਇਕੱਲਾ ਖੇਤੀ ਵਿੱਚ ਨਹੀਂ, ਬਲਕਿ ਸਹਾਇਕ ਧੰਦਿਆਂ ਵਿੱਚ ਵੀ ਕਾਰਪੋਰੇਟਸ ਦਾ ਦਾਖਲਾ ਹੋ ਚੁੱਕਿਆ ਹੈ, ਜਿਵੇਂ ਕਿ ਡੇਅਰੀ ਅਤੇ ਮੀਟ ਦੇ ਧੰਦੇ ਨੂੰ ਅਮਰੀਕਾ ਵਿੱਚ ਫੈਕਟਰੀ ਫਾਰਮਿੰਗ ਦਾ ਨਾਂਅ ਦਿੱਤਾ ਗਿਆ। ਜਾਨਵਰਾਂ ਨੂੰ ਥੋੜ੍ਹੀ ਜਗ੍ਹਾ ਵਿੱਚ ਰੱਖ ਕੇ ਵੱਧ ਖੁਰਾਕ ਅਤੇ ਹਾਰਮੋਨ ਦੇ ਕੇ ਉਸ ਤੋਂ ਵੱਧ ਤੋਂ ਵੱਧ ਪੈਦਾਵਾਰ ਲਈ ਜਾ ਸਕੇ। ਜਦੋਂ ਅਮਰੀਕਾ ਦੀ ਯੂ ਕੇ ਨਾਲ ਬਰੇਕਜ਼ਿਟ ਦੀ ਸੰਧੀ ਹੋਈ ਤਾਂ ਅਮਰੀਕਾ ਨੇ ਸਾਫ਼ ਕਹਿ ਦਿੱਤਾ ਕਿ ਜਾਂ ਤਾਂ ਆਪਣੇ ਖੁਰਾਕ ਦੇ ਨਿਯਮ (ਸੇਫਟੀ ਸਟੈਂਡਰਡ) ਹੇਠਾਂ ਕਰ ਲਓ ਜਾਂ ਖ਼ਤਮ ਹੋ ਜਾਓ ।

ਇਹਨਾਂ ਗੱਲਾਂ ਨੂੰ ਕੁਝ ਕਿਸਾਨ ਤਾਂ ਸਮਝਣ ਲੱਗ ਪਏ ਹਨ, ਪਰ ਆਮ ਜਨਤਾ ਨੂੰ ਇਸ ਦੀ ਸਮਝ ਨਹੀਂ ਆ ਰਹੀ। ਅੱਜ ਅਮਰੀਕਾ ਦੇ ਪਿੰਡਾਂ ਦਾ ਹਾਲ ਦੇਖੋ ਤਾਂ ਉਥੇ ਪਿੰਡਾਂ ਦੇ ਪਿੰਡ ਖ਼ਤਮ ਹੋ ਗਏ ਹਨ। ਉਥੋਂ ਇਕੱਲੇ ਕਿਸਾਨ ਨਹੀਂ ਨਿਕਲੇ, ਉਹਨਾਂ ਪਿੰਡਾਂ ਵਿੱਚ ਕਿਸਾਨਾਂ ਨੂੰ ਸੇਵਾਵਾਂ ਦੇਣ ਵਾਲੇ ਛੋਟੇ ਵਪਾਰੀ, ਡਾਕਟਰ, ਮਾਸਟਰ, ਮਨੋਰੰਜਨ ਦੇ ਸਾਧਨ ਅਤੇ ਹੋਟਲ ਰੈਸਟੋਰੈਂਟ ਆਦਿ ਚਲਾਉਣ ਵਾਲੇ ਪਰਵਾਰਾਂ ਦਾ ਵੀ ਉਜਾੜਾ ਹੋ ਗਿਆ। ਉਥੇ ਇਹ ਸਭ ਕੁਝ ਚੱਲ ਗਿਆ, ਕਿਉਂਕਿ ਉਥੇ ਅਬਾਦੀ ਸਿਰਫ਼ 33 ਕਰੋੜ ਦੀ ਹੈ, ਪਰ ਹਾਲਾਤ ਨੂੰ ਘੋਖੋ ਤਾਂ ਪਤਾ ਲੱਗਦਾ ਹੈ ਕਿ 11 ਫੀਸਦੀ ਲੋਕ ਉਥੇ ਵੀ ਗਰੀਬੀ ਰੇਖਾ ਤੋਂ ਹੇਠਾਂ ਹਨ।

ਇਸ ਵੇਲੇ ਇਹਨਾਂ ਕਾਰਪੋਰੇਟਸ ਦਾ ਸਾਰਾ ਧਿਆਨ ਅਫ਼ਰੀਕਾ ਅਤੇ ਭਾਰਤ ਦੀਆਂ ਜ਼ਮੀਨਾਂ ਉੱਪਰ ਹੈ। ਇਸ ਵਿੱਚ ਜੇ ਭਾਰਤ ਦੀ ਗੱਲ ਕਰੀਏ ਤਾਂ ਸਭ ਤੋਂ ਵੱਧ ਨਿਗਾਹ ਇਹਨਾਂ ਦੀ ਪੰਜਾਬ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਦੇ ਕੁਝ ਹਿੱਸੇ 'ਤੇ ਹੈ। ਉਸ ਦਾ ਮੁੱਖ ਕਾਰਨ ਹੈ ਕਿ ਇਥੋਂ ਦੀ ਜ਼ਮੀਨ ਅਤੇ ਪੌਣ-ਪਾਣੀ ਖੇਤੀ ਲਈ ਸਭ ਤੋਂ ਜ਼ਿਆਦਾ ਅਨੁਕੂਲ ਹੈ।

**ਪੈਦਾਵਾਰ ਦੀ ਗੁਣਵੱਤਾ:** ਇਸ ਵੇਲੇ ਭਾਰਤ ਵਿੱਚ ਜ਼ਮੀਨੀ ਹਥਿਆਉਣ ਲਈ ਇਹਨਾਂ ਨੇ ਇੱਕ ਨਵਾਂ ਪ੍ਰਾਪੇਗੰਡਾ ਛੱਡਿਆ ਹੈ ਕਿ ਕਿਸਾਨ ਜਿਹੜਾ ਉਗਾ ਰਹੇ ਹਨ, ਉਹ ਕੁਆਲਟੀ ਪੱਖੋਂ ਠੀਕ ਨਹੀਂ। ਯਾਨਿ ਕਹਿਣ ਦਾ ਭਾਵ ਕਿ ਫ਼ਸਲ ਦੇ ਰੂਪ ਵਿੱਚ ਲੋਕਾਂ ਨੂੰ ਜ਼ਹਿਰ ਖਵਾਇਆ ਜਾ ਰਿਹਾ ਹੈ। ਅੱਜ ਇਹ ਲੋਕ ਹਰੀ ਕ੍ਰਾਂਤੀ ਨੂੰ ਕੋਸਦੇ ਹਨ, ਜਿਸ ਸਦਕਾ ਆਮ ਬੰਦੇ ਦੇ ਮੂੰਹ ਵਿੱਚ ਬੁਰਕੀ ਪੈਣ ਲੱਗੀ ਅਤੇ ਸਾਡਾ ਖਹਿੜਾ ਛੁੱਟਿਆ। ਅਮਰੀਕਾ ਦੀ ਪੀ ਐੱਲ ਵਾਲੀ ਪੀ ਐੱਲ 480 ਕਣਕ ਤੋਂ। ਇਸ ਸਦਕਾ ਅਸੀਂ ਆਤਮ ਨਿਰਭਰਤਾ ਹੋਏ ਹੀ ਨਾਲ ਦੀ ਨਾਲ ਅਸੀਂ ਦੂਜੇ ਦੇਸ਼ਾਂ ਨੂੰ ਨਿਰਯਾਤ ਵੀ ਕਰਨ ਜੋਗੇ ਹੋਏ। ਇਹ ਲੋਕ ਕਈ ਬੁੱਧੀਜੀਵੀਆਂ ਅਤੇ ਵਿਗਿਆਨੀਆਂ ਨੂੰ ਆਪਣੇ ਨਾਲ ਜੋੜ ਕੇ ਉਹਨਾਂ ਤੋਂ ਇਹ ਪ੍ਰਚਾਰ ਕਰਵਾ ਰਹੇ ਹਨ। ਇਸ ਵਿੱਚ ਵੱਡਾ ਸਵਾਲ ਹੈ ਕਿ ਰਸਾਇਣਿਕ ਖਾਦਾਂ ਅਤੇ ਕੀਟਨਾਸ਼ਕ ਬਣਦੇ ਕਿਸ ਦੇ ਕਾਰਖਾਨਿਆਂ ਵਿੱਚ ਹਨ, ਉਹਨਾਂ ਲੋਕਾਂ ਦੇ, ਜੋ ਆਰਗੈਨਿਕ ਅਤੇ ਕੁਦਰਤੀ ਖਾਣੇ ਦਾ ਰੌਲਾ ਪਾਉਂਦੇ ਹਨ। ਇਸ ਵਿੱਚ ਜ਼ਿਕਰਯੋਗ ਹੈ ਕਿ ਖੇਤ ਤੋਂ ਪਲੇਟ ਤੱਕ ਪਹੁੰਚਣ ਦੀ ਸਟੋਰੇਜ ਅਤੇ ਪ੍ਰੋਸੈਸਿੰਗ ਫ਼ਿਰ ਕਾਰਪੋਰੇਟ ਕਰਦਾ ਹੈ। ਉਸ ਅਨਾਜ ਨੂੰ ਬਚਾਉਣ ਲਈ ਕੈਮੀਕਲ ਵਰਤੇ ਜਾਂਦੇ ਹਨ। ਉਸ ਤੋਂ ਬਾਅਦ ਉਸ ਨੂੰ ਪ੍ਰੋਸੈਸ ਕਰਕੇ ਆਟਾ, ਦਾਲਾਂ, ਬਰੈੱਡ, ਬਰਗਰ, ਪੀਜ਼ੇ, ਚਿਪਸ, ਬਿਸਕੁਟ ਆਦਿ ਬਣਾਉਣ ਵੇਲੇ ਪ੍ਰੇਜ਼ਰਵੇਟਿਵ ਪਾਏ ਜਾਂਦੇ ਹਨ, ਉਹ ਅਸਲ ਜੜ੍ਹ ਹਨ ਲੋਕਾਂ ਦੀ ਸਿਹਤ ਖ਼ਰਾਬ ਕਰਨ ਵਿੱਚ। ਉਦਾਹਰਨ ਦੇ ਤੌਰ 'ਤੇ ਪਹਿਲਾਂ ਦੇਸੀ ਘਿਓ ਨੂੰ ਭੰਡਿਆ ਗਿਆ, ਉਸ ਦੇ ਬਦਲ ਵਿੱਚ ਡਾਲਡਾ ਫ਼ਿਰ ਰਿਫਾਇੰਡ, ਉਸ ਤੋਂ ਅੱਗੇ ਉਲਿਵ ਆਇਲ ਵਗੈਰਾ ਲਿਆਂਦੇ ਗਏ। ਜਦੋਂ ਕਾਰਪੋਰੇਟ ਨੇ ਡੇਅਰੀ ਇੰਡਸਟਰੀ ਵਿੱਚ ਪੈਰ ਧਰ ਲਏ, ਅੱਜ ਮੁੜ ਕੇ ਉਹੀ ਦੇਸੀ ਘਿਓ ਠੀਕ ਹੋ ਗਿਆ ।

ਇਹੀ ਹਾਲ ਇਹਨਾਂ ਸਾਡੀਆਂ ਜ਼ਮੀਨਾਂ ਦਾ ਕਰਨਾ ਹੈ। ਅੱਜ ਆਰਗੈਨਿਕ ਅਤੇ ਕੁਦਰਤੀ ਦੇ ਨਾਂਅ 'ਤੇ ਪੈਦਾਵਾਰ ਅੱਧ 'ਤੇ ਪਹੁੰਚਾ ਦੇਣੀ ਹੈ। ਇੱਕ ਜਾਂ ਦੂਜੇ ਸੀਜ਼ਨ ਰਹਿੰਦੇ ਕਿਸਾਨ ਵੀ ਜ਼ਮੀਨਾਂ ਤੋਂ ਭੱਜਣਗੇ, ਫਿਰ ਆਊ ਅਸਲੀ ਖੇਡ।

ਅੱਜ ਜਿਹੜੇ ਦੇਸ਼ ਸਭ ਤੋਂ ਵੱਧ ਆਰਗੈਨਿਕ ਜਾਂ ਕੁਦਰਤੀ ਖੇਤੀ ਦਾ ਝੰਡਾ ਚੁੱਕੀ ਫਿਰਦੇ ਹਨ, ਉਹਨਾਂ ਦਾ ਹਾਲ ਇਹ ਹੈ। ਜਪਾਨ ਜੋ ਦੁਨੀਆ ਲਈ ਮਿਸਾਲ ਬਣਦਾ ਹੈ, ਉਹ ਸਭ ਤੋਂ ਘੱਟ ਜ਼ਮੀਨ 'ਤੇ ਖੇਤੀ ਕਰਦਾ ਹੈ, ਪਰ ਦੁਨੀਆ ਵਿੱਚ ਸਭ ਤੋਂ ਜ਼ਿਆਦਾ ਰਸਾਇਣਿਕ ਖਾਦਾਂ ਅਤੇ ਕੀਟਨਾਸ਼ਕ ਵਰਤਦਾ ਹੈ। ਆਸਟ੍ਰੇਲੀਆ ਕੁਦਰਤੀ ਖੇਤੀ ਵਿੱਚ ਇਸ ਲਈ ਹੈ, ਕਿਉਂਕਿ ਉਸ ਕੋਲ ਜ਼ਮੀਨ ਦੀ ਕਮੀ ਨਹੀਂ। ਆਸਟ੍ਰੇਲੀਆ ਕੁੱਲ ਖੇਤੀ ਦੀ ਜ਼ਮੀਨ 'ਚੋਂ ਸਿਰਫ਼ 9.9 ਫ਼ੀਸਦੀ ਹਿੱਸੇ 'ਤੇ ਆਰਗੈਨਿਕ ਖੇਤੀ ਕਰਦਾ ਹੈ। ਇਸ ਇੱਕ ਗੱਲ ਹੋਰ ਸਮਝਣ ਦੀ ਲੋੜ ਹੈ ਕਿ ਜਦੋਂ ਪੈਦਾਵਾਰ ਚੌਥਾ ਹਿੱਸਾ ਰਹਿ ਗਈ ਤਾਂ ਅਨਾਜ ਹੋਰ ਮਹਿੰਗਾ ਹੋਊਗਾ। ਅੱਜ ਹੀ ਰੌਲਾ ਪਾਈ ਜਾਂਦੇ ਹਨ ਕਿ ਐੱਮ ਐੱਸ ਪੀ ਦੇਣ ਨਾਲ ਅਨਾਜ ਦੀ ਮਹਿੰਗਾਈ ਵਧ ਰਹੀ ਹੈ। ਲੋਕਾਂ ਨੂੰ ਅੱਜ ਸਰਕਾਰੀ ਅਨਾਜ 'ਤੇ ਪਲਣਾ ਪੈ ਰਿਹਾ ਹੈ। ਜਦੋਂ ਇਹ ਕੰਮ ਹੋ ਗਿਆ, ਫੇਰ ਅਨਾਜ ਦੀ ਮਹਿੰਗਾਈ ਕਿੱਥੇ ਪਹੁੰਚੂਗੀ। ਕਿਉਂਕਿ ਸਿਰਫ਼ ਤੇ ਸਿਰਫ਼ ਖੇਤੀ ਪੈਦਾਵਾਰ 'ਤੇ ਕਬਜ਼ਾ ਕਰਨ ਦੀ ਹੈ।

**ਲੈਬਾਰਟਰੀ ਖੁਰਾਕ:** ਕਾਰਪੋਰੇਟਸ ਹੁਣ ਖੋਜ ਕਰਕੇ ਕੁਝ ਇਹੋ ਜਿਹੇ ਖੁਰਾਕੀ ਪਦਾਰਥ ਵੀ ਬਜ਼ਾਰ ਵਿੱਚ ਲੈ ਕੇ ਆ ਰਹੇ ਹਨ, ਜਿਹੜੇ ਫੈਕਟਰੀਆਂ ਵਿੱਚ ਬਣਨਗੇ। ਉਦਾਹਰਣ ਦੇ ਤੌਰ 'ਤੇ ਹੈਲਸਿੰਕੀ ਸ਼ਹਿਰ ਵਿੱਚ ਸਥਾਪਤ ਸੋਲਰ ਫੂਡ ਨੇ ਫੈਕਟਰੀ ਦੇ ਅੰਦਰ ਹੀ ਬੈਕਟੀਰੀਆ ਅਤੇ ਪਾਣੀ ਤੋਂ ਹੀ ਆਟੇ ਵਰਗਾ ਪਦਾਰਥ ਤਿਆਰ ਕਰਨ ਦੀ ਖੋਜ ਚੱਲ ਰਹੀ ਹੈ। ਇਸ ਦੇ ਨਾਲ ਹੀ ਕੁਝ ਲੋਕਾਂ ਨੇ ਜਾਨਵਰਾਂ 'ਤੇ ਤਸ਼ੱਦਦ ਨਾਂਅ ਦਾ ਇੱਕ ਨਵਾਂ ਸ਼ੋਸ਼ਾ ਛੱਡਿਆ ਹੈ ਅਤੇ ਕਿਹਾ ਜਾ ਰਿਹਾ ਹੈ ਕਿ ਪਸ਼ੂ ਅਧਾਰਤ ਖੁਰਾਕ ਨਹੀਂ ਖਾਣੀ ਚਾਹੀਦੀ। ਜਾਨਵਰਾਂ ਨੂੰ ਪਾਲ ਕੇ ਇਹਨਾਂ ਤੋਂ ਮਿਲਣ ਵਾਲੇ ਪਦਾਰਥ ਖਾਣ-ਪੀਣ ਨਾਲ ਇਹਨਾਂ 'ਤੇ ਅੱਤਿਆਚਾਰ ਕਿਵੇਂ ਹੋਇਆ। ਫੈਕਟਰੀ ਫਾਰਮਿੰਗ ਇਹਨਾਂ ਅਮੀਰਾਂ ਦੀ ਦੇਣ ਹੈ, ਨਾ ਕਿ ਕਿਸਾਨ ਦੀ। ਕਿਸਾਨ ਤਾਂ ਇਹਨਾਂ ਨੂੰ ਖੁੱਲ੍ਹੀ ਹਵਾ ਵਿੱਚ ਰੱਖ ਕੇ ਪਾਲਦੇ ਸੀ। ਕਮਰਿਆਂ ਅਤੇ ਕੇਜਾਂ ਵਿੱਚ ਬੰਦ ਉਦਯੋਗਪਤੀਆਂ ਨੇ ਕੀਤਾ। ਅਸਲ ਵਿੱਚ ਹੁਣ ਇਹ ਲੋਕ ਇਸ ਤਰ੍ਹਾਂ ਲੋਕਾਂ ਨੂੰ ਗੁੰਮਰਾਹ ਕਰਕੇ ਆਪਣੀਆਂ ਫੈਕਟਰੀਆਂ ਵਿੱਚ ਤਿਆਰ ਲੈਬ ਗਰੋਨ ਮੀਟ, ਦੁੱਧ ਜਾਂ ਹੋਰ ਡੇਅਰੀ ਪਦਾਰਥ ਸਮੁੱਚਾ ਵੇਚਣਾ ਚਾਹੁੰਦੇ ਹਨ। ਅਮਰੀਕਾ ਦੀ ਐੱਫ ਡੀ ਏ ਨੇ ਵੀ ਇਹਨਾਂ ਨੂੰ ਵੇਚਣ ਦੀ ਇਜਾਜ਼ਤ ਦੇ ਦਿੱਤੀ ਹੈ। ਇਸ ਵੇਲੇ ਸਿੰਗਾਪੁਰ ਦੇ ਵਿੱਚ ਹੁਬਰ ਬੁਦਰਚੀ ਅਤੇ ਬਿਸਤਰੋ ਵਿੱਚ ਲੈਬ ਵਿੱਚ ਤਿਆਰ ਕੀਤਾ ਮੁਰਗੇ ਦਾ ਮੀਟ ਪਰੋਸਿਆ ਜਾਂਦਾ ਹੈ। ਇਸ ਵਿੱਚ ਸਵਾਦ ਅਤੇ ਬਣਾਵਟ ਦਾ ਖਾਸ ਧਿਆਨ ਰੱਖਿਆ ਗਿਆ ਹੈ, ਤਾਂ ਜੋ ਇਹ ਅਸਲੀ ਮੀਟ ਵਰਗਾ ਹੀ ਲੱਗੇ। ਯੂਰਪੀਅਨ ਯੂਨੀਅਨ ਵਿੱਚ ਅਜੇ ਇਹਨਾਂ ਪਦਾਰਥਾਂ ਦੀ ਸ਼ੁਰੂਆਤ ਨਹੀਂ ਹੋਈ, ਕਿਉਂਕਿ ਉਹਨਾਂ ਇਸ 'ਤੇ ਪੋਲਟਰੀ/ਡੇਅਰੀ ਦਾ ਲੇਬਲ ਲਾਉਣ ਤੋਂ ਮਨ੍ਹਾਂ ਕਰ ਦਿੱਤਾ ਹੈ।

**ਨਿਚੋੜ:** ਇਸ ਵਿੱਚ ਸਰਕਾਰਾਂ ਨੂੰ ਸੋਚਣਾ ਚਾਹੀਦਾ ਹੈ ਕਿ ਜੇ ਜ਼ਮੀਨਾਂ ਵੱਡੀਆਂ ਕੰਪਨੀਆਂ ਕੋਲ ਚਲੀਆਂ ਗਈਆਂ ਤਾਂ ਆਟੋਮੇਸ਼ਨ ਵਧੂ, ਜਿਸ ਨਾਲ ਬੇਰੁਜ਼ਗਾਰੀ ਜੋ ਪਹਿਲਾਂ ਹੀ ਬੇਲਗਾਮ ਹੋਈ ਫਿਰਦੀ ਹੈ ਹੋਰ ਵਧੂ। ਦੂਜੇ ਪਾਸੇ ਅਨਾਜ ਕਾਰਪੋਰੇਟ ਦੇ ਹੱਥਾਂ ਵਿੱਚ ਚਲਾ ਗਿਆ ਤਾਂ ਫ਼ਿਰ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਦਾ ਕੀ ਬਣੂ। ਵਿਹਲੇ ਲੋਕ ਭੁੱਖੇ ਢਿੱਡ ਦੇਸ਼ ਵਿੱਚ ਅਸਥਿਰਤਾ ਫੈਲਾਉਣਗੇ।

# ਸੰਪਰਕ : 96537-90000

# ਅਮਿਤ ਸ਼ਾਹ ਦਾ ਬਿਆਨ ਸੁਤੰਤਰਤਾ ਸੰਗਰਾਮ ਦੇ ਮੂਲ ਸਿਧਾਂਤਾਂ ਦੇ ਵਿਰੁੱਧ


ਡਾ. ਅਰੁਣ ਮਿੱਤਰਾ

ਅਮਿਤ ਸਾਹ ਦੇ ਬਿਆਨ ਤੋਂ ਬੁਖਲਾ ਕੇ ਭਾਰਤੀ ਜਨਤਾ ਪਾਰਟੀ ਨੇ ਲੋਕਾਂ ਦਾ ਧਿਆਨ ਵੰਡਣ ਲਈ ਸੰਸਦ ਦੇ ਮੁੱਖ ਦੁਆਰ 'ਤੇ ਜੋ ਡਰਾਮਾ ਰਚਿਆ ਅਤੇ ਬਾਅਦ ਵਿੱਚ ਰਾਹੁਲ ਗਾਂਧੀ 'ਤੇ ਐੱਫ ਆਈ ਆਰ ਦਰਜ ਕਰਾਈ, ਉਹ ਬਹੁਤ ਹੀ ਘਟੀਆ ਤੇ ਨਿੰਦਣਯੋਗ ਕਦਮ ਹੈ, ਜਦੋਂ ਕਿ ਸੰਸਦ ਦੇ ਚੱਪੇ-ਚੱਪੇ 'ਤੇ ਸੀ ਸੀ ਟੀ ਵੀ ਕੈਮਰੇ ਲੱਗੇ ਹੋਏ ਹਨ ਤੇ ਉਸ ਘਟਨਾ ਜਿਸ ਦੇ ਬਾਰੇ ਭਾਜਪਾ ਰੌਲਾ ਪਾ ਰਹੀ ਹੈ, ਦਾ ਕੋਈ ਸੀ ਸੀ ਟੀ ਵੀ ਫੁਟੇਜ਼ ਨਹੀਂ ਦਿਖਾਇਆ ਜਾ ਰਿਹਾ। ਇਹ ਇਸ ਗੱਲ ਨੂੰ ਦਰਸਾਉਂਦਾ ਹੈ ਕਿ ਭਾਰਤੀ ਜਨਤਾ ਪਾਰਟੀ ਅਮਿਤ ਸ਼ਾਹ ਦੇ ਬਿਆਨ ਤੋਂ ਬੁਖਲਾ ਕੇ ਝੂਠ ਦਾ ਸਹਾਰਾ ਲੈ ਕੇ ਲੋਕਾਂ ਦਾ ਧਿਆਨ ਵੰਡਣ 'ਤੇ ਲੱਗੀ ਹੋਈ ਹੈ।

ਡਾਕਟਰ ਭੀਮ ਰਾਓ ਅੰਬੇਡਕਰ ਸਾਡੀ ਸੰਵਿਧਾਨ ਸਭਾ ਦੇ ਡਰਾਫਟਿੰਗ ਕਮੇਟੀ ਦੇ ਚੇਅਰਮੈਨ ਸਨ, ਜਿਸ ਸਭਾ ਵਿੱਚ ਸੰਵਿਧਾਨ ਰਚਿਆ ਗਿਆ, ਉਸ ਦਾ ਆਧਾਰ ਆਜ਼ਾਦੀ ਦੇ ਸੰਘਰਸ਼ ਵੇਲੇ ਤੈਅ ਹੋਇਆ ਸੀ। ਭਾਰਤ ਦਾ ਸੁਤੰਤਰਤਾ ਸੰਗਰਾਮ ਸਮੁੱਚੇ ਦੇਸ਼ ਵਾਸੀਆਂ ਨੇ ਜਿਸ ਵਿੱਚ ਵੱਖ-ਵੱਖ ਵਿਚਾਰਾਂ, ਧਰਮਾਂ, ਜਾਤੀਆਂ, ਵਰਗਾਂ ਦੇ ਇਸਤਰੀ ਤੇ ਪੁਰਸ਼, ਕਾਮੇ ਤੇ ਕਿਸਾਨ, ਬੁੱਧੀਜੀਵੀ, ਇੱਥੋਂ ਤੱਕ ਕਿ ਬੱਚਿਆਂ ਨੇ ਵੀ ਯੋਗਦਾਨ ਪਾਇਆ। ਇਸ ਸੰਘਰਸ਼ ਨੇ ਭਾਈਚਾਰੇ ਦਾ ਸੁਨੇਹਾ ਦਿੱਤਾ। ਬਰਤਾਨਵੀ ਸਾਮਰਾਜ ਦੇ ਵਿਰੁੱਧ ਸੰਘਰਸ਼ ਵਿੱਚ ਲੱਗੇ ਆਜ਼ਾਦੀ ਦੇ ਮਸਤਾਨੇ ਅਨੇਕਾਂ ਨੌਜਵਾਨਾਂ ਨੇ ਜਿਨ੍ਹਾਂ ਵਿੱਚ ਸ਼ਹੀਦ ਭਗਤ ਸਿੰਘ, ਕਰਤਾਰ ਸਿੰਘ ਸਰਾਭਾ, ਚੰਦਰ ਸ਼ੇਖਰ ਆਜ਼ਾਦ, ਅਸ਼ਫਾਕ ਉਲਾ ਖਾਨ ਆਦਿ ਦੇ ਨਾਂਅ ਪ੍ਰਮੁੱਖ ਤੌਰ 'ਤੇ ਆਉਂਦੇ ਹਨ, ਸਮੇਤ ਅਨੇਕਾਂ ਅਣਜਾਣ ਲੋਕਾਂ ਨੇ ਇਸ ਸੰਗਰਾਮ ਵਿੱਚ ਆਪਣੀਆਂ ਕੁਰਬਾਨੀਆਂ ਦਿੱਤੀਆਂ। ਸੈਂਕੜੇ ਆਜ਼ਾਦੀ ਘੁਲਾਟੀਆਂ ਨੇ ਅੰਡੇਮਾਨ ਨਿਕੋਬਾਰ ਦੀ ਜੇਲ੍ਹ ਵਿੱਚ ਅੱਤ ਦੇ ਤਸੀਹੇ ਸਹੇ। ਇਹਨਾਂ ਸਭ ਦਾ ਇੱਕੋ-ਇੱਕ ਨਾਅਰਾ ਸੀ, ਜਿਸ ਦਾ ਮਤਲਬ ਆਜ਼ਾਦੀ ਤੋਂ ਬਾਅਦ ਨਿਆਂ ਤੇ ਬਰਾਬਰੀ 'ਤੇ ਅਧਾਰਤ ਭਾਈਚਾਰੇ ਵਾਲਾ, ਬਿਨਾਂ ਕਿਸੇ ਭੇਦ-ਭਾਵ ਵਾਲਾ, ਧਰਮ ਨਿਰਪੱਖ ਤੇ ਜਾਤੀਆਂ ਦੇ ਨਾਂਅ 'ਤੇ ਊਚ-ਨੀਚ ਨੂੰ ਮਿਟਾਉਣ ਵਾਲਾ ਖੁਦਮੁਖਤਾਰ, ਲੋਕਤੰਤਰਿਕ ਅਤੇ ਸਮਾਜਵਾਦੀ ਦਿਸ਼ਾ ਵੱਲ ਲਿਜਾਣ ਵਾਲੇ ਭਾਰਤ ਦੀ ਸਿਰਜਣਾ ਕਰਨਾ ਸੀ। ਇਸ ਲਈ ਸੰਵਿਧਾਨ ਸਭਾ ਜੋ ਆਜ਼ਾਦੀ ਉਪਰੰਤ ਬਣਾਈ ਗਈ, ਉਸ ਵਿੱਚ ਸਭ ਪਾਰਟੀਆਂ ਦੇ ਤੇ ਹੋਰ ਅਨੇਕਾਂ ਬੁੱਧੀਜੀਵੀ ਇਸ ਦੇ ਮੈਂਬਰ ਲਏ ਗਏ, ਇਥੋਂ ਤੱਕ ਕਿ ਆਰ ਐੱਸ ਐੱਸ ਵੱਲੋਂ ਵੀ ਸ਼ਿਆਮਾ ਪ੍ਰਸਾਦ ਮੁਖਰਜੀ ਨੂੰ ਇਸ ਵਿੱਚ ਮੈਂਬਰ ਲਿਆ ਗਿਆ, ਹਾਲਾਂਕਿ ਸਭ ਨੂੰ ਇਸ ਗੱਲ ਦਾ ਪਤਾ ਹੈ ਕਿ ਆਰ ਐੱਸ ਐੱਸ ਨੇ ਆਜ਼ਾਦੀ ਦੇ ਸੰਗਰਾਮ ਦੇ ਵਿੱਚ ਕੇਵਲ ਕੋਈ ਹਿੱਸਾ ਹੀ ਨਹੀਂ ਪਾਇਆ, ਬਲਕਿ ਇਸ ਦੇ ਉਲਟ ਅੰਗਰੇਜ਼ਾਂ ਦਾ ਸਾਥ ਦਿੱਤਾ। ਇਸੇ ਢੰਗ ਨਾਲ ਹੀ ਕੱਟੜ ਮੁਸਲਿਮ ਫਿਰਕਾਪ੍ਰਸਤਾਂ ਨੇ ਵੀ ਅੰਗਰੇਜ਼ਾਂ ਦਾ ਸਾਥ ਦਿੱਤਾ।

ਇਸ ਲਈ ਭੀਮ ਰਾਓ ਅੰਬੇਡਕਰ ਦੀ ਮਹਾਨਤਾ ਇਸ ਗੱਲ ਵਿੱਚ ਹੈ ਕਿ ਉਹਨਾਂ ਸੰਵਿਧਾਨ ਵਿੱਚ ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂ, ਇਨਕਲਾਬੀਆਂ ਅਤੇ ਵਾਮਪੰਥੀਆਂ ਦੇ ਵਿਚਾਰਾਂ ਸਭ ਨੂੰ ਸਮੋਣ ਦੀ ਕੋਸ਼ਿਸ਼ ਕੀਤੀ, ਪਰ ਧਰਮ ਅਧਾਰਤ ਦੇਸ਼ ਬਣਾਉਣ ਦੇ ਵਿਚਾਰ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ। ਇਸ ਨਜ਼ਰੀਏ ਨੂੰ ਹੀ ਸਨਮੁਖ ਰੱਖ ਕੇ ਉਹਨਾਂ ਸਮਾਜ ਵਿੱਚ ਸਦੀਆਂ ਤੋਂ ਲਤਾੜੇ ਗਏ ਦਲਿਤ ਵਰਗ ਤੇ ਪੱਛੜੀਆਂ ਜਾਤੀਆਂ ਲਈ ਰਾਖਵਾਂਕਰਨ ਦੀ ਨੀਤੀ ਅਪਣਾਈ, ਕਿਉਂਕਿ ਨਹੀਂ ਤਾਂ ਦਲਿਤ ਵਰਗ ਨੂੰ ਕਦੇ ਵੀ ਉੱਠਣ ਦਾ ਮੌਕਾ ਨਾ ਮਿਲਦਾ।

ਅਮਿਤ ਸ਼ਾਹ ਨੇ ਜਿਸ ਢੰਗ ਨਾਲ ਛੇ ਵਾਰੀ ਅੰਬੇਡਕਰ, ਅੰਬੇਡਕਰ ਕਹਿ ਕੇ ਬੜੇ ਵਿਅੰਗਾਤਮਕ ਢੰਗ ਨਾਲ ਉਹਨਾ ਦਾ ਨਾਂਅ ਲਿਆ, ਉਹ ਅਸਲ ਵਿੱਚ ਤਾਂ ਆਰ ਐੱਸ ਐੱਸ ਦੀ ਦਲਿਤ ਵਿਰੋਧੀ ਅਤੇ ਮੰਨੂਵਾਦੀ ਊਚ-ਨੀਚ ਨੂੰ ਪਰਣਾਈ ਹੋਈ ਮਾਨਸਿਕਤਾ ਨੂੰ ਦਰਸਾਉਂਦਾ ਹੈ, ਜੋ ਕਿ ਜਾਣੇ-ਅਣਜਾਣੇ ਅਮਿਤ ਸ਼ਾਹ ਦੇ ਮੂੰਹੋਂ ਬਾਹਰ ਨਿਕਲ ਆਈ।

ਸਾਡੇ ਦੇਸ਼ ਦੀ ਇਹ ਸੱਚਾਈ ਹੈ ਕਿ ਜਾਤ ਤੇ ਜਮਾਤ ਅਨੇਕਾਂ ਥਾਵਾਂ 'ਤੇ ਇਕੱਠੇ ਹੋ ਜਾਂਦੇ ਹਨ। ਮਿਸਾਲ ਵਜੋਂ ਜਿਹੜੀਆਂ ਦੱਬੀਆਂ-ਕੁਚਲੀਆਂ ਗਰੀਬ ਜਮਾਤਾਂ ਹਨ, ਉਹਨਾਂ ਦੀ ਬਹੁ-ਗਿਣਤੀ ਹੈ। ਆਂਕੜਿਆਂ ਦੇ ਮੁਤਾਬਕ ਅੱਜ ਵੀ ਇਹਨਾਂ ਦੀ ਔਸਤ ਆਮਦਨੀ 7.5 ਹਜ਼ਾਰ ਰੁਪਏ ਪ੍ਰਤੀ ਪਰਵਾਰ ਪ੍ਰਤੀ ਮਹੀਨਾ ਦੇ ਕਰੀਬ ਹੈ, ਜੋ ਕਿ ਔਸਤ ਪ੍ਰਤੀ ਵਿਅਕਤੀ ਡੇਢ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇ ਲਗਭਗ ਬਣਦੀ ਹੈ। ਇਹ ਇਕ ਕੋਝਾ ਮਜ਼ਾਕ ਹੈ, ਪਰ ਇਹ ਸੱਚਾਈ ਹੈ। ਇਸ ਕਰਕੇ ਜਦੋਂ ਵਿਸ਼ਵ ਪੱਧਰ 'ਤੇ ਭੁੱਖਮਰੀ ਦੇ ਸੂਚਕ ਅੰਕ ਦੀ ਵਿਆਖਿਆ ਹੁੰਦੀ ਹੈ ਉਦੋਂ ਭਾਰਤ ਦਾ ਨੰਬਰ 125 ਦੇਸ਼ਾਂ ਵਿੱਚੋਂ 105 'ਤੇ ਆਉਂਦਾ ਹੈ। ਬਿਨਾਂ ਕਿਸੇ ਸੁਵਿਧਾਵਾਂ ਦੇ ਇਸ ਵਰਗ ਦੇ ਬੱਚੇ ਪੜ੍ਹਾਈ-ਲਿਖਾਈ ਤੋਂ ਵਾਂਝੇ ਰਹਿ ਜਾਂਦੇ ਹਨ, ਨੌਜਵਾਨਾਂ ਕੋਲ ਹੱਥੀਂ ਕੰਮ ਕਰਨ ਤੋਂ ਇਲਾਵਾ ਹੋਰ ਕੋਈ ਰਸਤਾ ਨਹੀਂ ਹੁੰਦਾ ਤੇ ਉਹ ਮੁਕਾਬਲਤਨ ਛੋਟੀ ਉਮਰ ਵਿੱਚ ਹੀ ਗੁਜ਼ਰ ਜਾਂਦੇ ਹਨ। ਆਰ ਐੱਸ ਐੱਸ ਇਸੇ ਵਰਗ ਦੇ ਹੀ ਮੁੱਢ ਤੋਂ ਖਿਲਾਫ ਹੈ ਅਤੇ ਵਰਣ ਵਿਵਸਥਾ ਨੂੰ ਜਾਰੀ ਰੱਖ ਕੇ ਧਨੀ ਵਰਗ ਦੇ ਨਾਲ ਖੜੀ ਹੋ ਕੇ ਗਰੀਬ ਜਨਤਾ ਨੂੰ ਉਸੇ ਤਰ੍ਹਾਂ ਹੀ ਸਮਾਜਿਕ ਤੇ ਆਰਥਿਕ ਤੌਰ 'ਤੇ ਵਾਂਝੇ ਰੱਖਣਾ ਚਾਹੁੰਦੀ ਹੈ। ਹਾਂ, ਕੁਝ ਚੋਗੇ ਪਾ ਕੇ ਕਈ ਵਾਰ ਉਹਨਾਂ ਨੂੰ ਜ਼ਿੰਦਾ ਰੱਖਣ ਦੀ ਜਰੂਰ ਕੋਸ਼ਿਸ਼ ਕਰਦੀ ਹੈ। ਅੰਬੇਡਕਰ ਨੇ ਇਸ ਲਈ ਪਛੜੇ ਵਰਗਾਂ ਵਿੱਚ ਸਿੱਖਿਆ ਦੀ ਲੋੜ 'ਤੇ ਬਲ ਦਿੱਤਾ ਤੇ ਸਿੱਖਿਆ ਨੂੰ ਹੀ ਉਹਨਾਂ ਦੀ ਨਜਾਤ ਦਾ ਰਾਹ ਦੱਸਿਆ।

ਅਮਿਤ ਸ਼ਾਹ ਦੇ ਬਿਆਨ ਦਾ ਵਿਰੋਧ ਕੇਵਲ ਉਹਨਾ ਦੀ ਜਾਤੀ ਵਾਦੀ ਸੋਚ ਦਾ ਹੀ ਵਿਰੋਧ ਨਹੀਂ ਹੈ ਬਲਕਿ ਉਸਦੇ ਨਾਲ ਨਾਲ ਲੋਕ ਵਿਰੋਧੀ ਤੇ ਕਾਰਪੋਰੇਟ ਪੱਖੀ ਜਮਾਤੀ ਸੋਚ ਦਾ ਵਿਰੋਧ ਵੀ ਹੈ।

# ਸੰਪਰਕ : 94170-00360

# ਧਰਮ ਤਬਦੀਲੀ, ਰਾਜਨੀਤਕ ਹਿੱਲਜੁਲ ਅਤੇ ਵਰਣ ਵਿਵਸਥਾ


ਆਤਮਾ ਸਿੰਘ ਪਮਾਰ

ਤਬਦੀਲੀ ਕੁਦਰਤ ਦਾ ਇੱਕ ਅਟੱਲ ਨਿਯਮ ਹੈ ।ਇਹ ਵਰਤਾਰਾ ਪਸ਼ੂ, ਪੰਛੀਆਂ, ਮਨੁੱਖਾਂ ਅਤੇ ਇੱਥੋਂ ਤੱਕ ਕਿ ਬਨਸਪਤੀ 'ਚ ਵੀ ਬਾਦਸਤੂਰ ਜਾਰੀ ਹੈ ।ਜਿਸ ਤਰ੍ਹਾਂ ਵਗਦੇ ਪਾਣੀ ਸਾਫ ਅਤੇ ਸਵੱਛ ਨਜ਼ਰੀਂ ਪੈਂਦੇ ਹਨ ਅਤੇ ਖੜੋਤੇ ਪਾਣੀਆਂ 'ਚੋਂ ਬਦਬੂ ਆਉਣ ਲੱਗਦੀ ਹੈ, ਠੀਕ ਉਸੇ ਤਰ੍ਹਾਂ ਹੀ ਕੁਝ ਕੁ ਅਹਿਲ ਵਿਅਕਤੀਆਂ ਨਾਲ ਵੀ ਵਾਪਰਦਾ ਹੈ। ਮਨੁੱਖ ਦਾ ਹਰਕਤ ਵਿੱਚ ਰਹਿਣਾ ਹੀ ਉਸ ਦੇ ਜਿਉਂਦੇ-ਜਾਗਦੇ ਹੋਣ ਦਾ ਸਬੂਤ ਹੈ। ਜਿਨ੍ਹਾਂ ਲੋਕਾਂ ਨੇ ਜੀਵਨ ਵਿਚ ਸੰਘਰਸ਼ ਕੀਤੇ, ਉਨ੍ਹਾਂ ਹੀ ਆਪਣੀਆਂ ਤਹਿ-ਸ਼ੁਦਾ ਮੰਜ਼ਲਾਂ ਸਰ ਕੀਤੀਆਂ ਅਤੇ ਕਰ ਰਹੇ ਹਨ। ਇਸ ਦੇ ਉਲਟ ਜਿਨ੍ਹਾਂ ਦੀ ਕੋਈ ਮੰਜ਼ਲ ਹੀ ਨਹੀਂ, ਉਹ ਜਾਣਗੇ ਵੀ ਕਿੱਥੇ? ਮਨੁੱਖੀ ਮਾਨਸਿਕਤਾ ਦੀ ਮਾਮੂਲੀ ਸਮਝ ਰੱਖਣ ਵਾਲਾ ਵਿਅਕਤੀ ਵੀ ਆਸਾਨੀ ਨਾਲ ਸਮਝ ਸਕਦਾ ਹੈ ਕਿ ਕਈ ਵਾਰ ਵਿਅਕਤੀ ਸਵੈ-ਇੱਛਾ ਨਾਲ ਆਪਣੇ ਜੀਵਨ 'ਚ ਤਬਦੀਲੀ ਕਰਦਾ ਹੈ ਅਤੇ ਕਈ ਵਾਰ ਅਜਿਹਾ ਕੁਝ ਮਜਬੂਰੀਵੱਸ ਵੀ ਕਰਨਾ ਪੈਂਦਾ ਹੈ ।

ਇਤਿਹਾਸ ਦੇ ਪੰਨੇ ਸਾਖਸੀ ਹਨ ਕਿ ਸੰਸਾਰ ਵਿੱਚ ਬਹੁਤ ਸਾਰੇ ਦੇਸ਼ ਅਜਿਹੇ ਹਨ, ਜਿਥੋਂ ਦੀ ਜਨਤਾ ਨੇ ਉਥੋਂ ਦੇ ਹਾਕਮਾਂ ਦੇ ਅੱਤਿਆਚਾਰਾਂ ਤੋਂ ਤੰਗ ਆ ਕੇ ਉਨ੍ਹਾਂ ਵਿਰੁੱਧ ਜਨਤਕ ਸੰਘਰਸ਼ ਵਿੱਢੇ ਅਤੇ ਤਖਤਾ ਪਲਟ ਕੇ ਹੀ ਸਾਹ ਲਿਆ।ਭਾਰਤ ਦੀ ਅਜ਼ਾਦੀ ਲਈ ਵਿੱਢਿਆ ਸੰਘਰਸ਼ ਵੀ ਇਸ ਦੀ ਇੱਕ ਜਿਊਂਦੀ-ਜਾਗਦੀ ਮਿਸਾਲ ਹੈ। ਜਿਸ ਕਾਰਨ ਇਹ ਵੱਡੀ ਤਬਦੀਲੀ ਹੋਂਦ ਵਿੱਚ ਆ ਸਕੀ।

ਹੱਥਲੇ ਲੇਖ 'ਚ ਜਿਸ ਤਬਦੀਲੀ ਦਾ ਜ਼ਿਕਰ ਕੀਤਾ ਜਾ ਰਿਹਾ ਹੈ, ਉਹ ਅੱਜ ਦਾ ਭਖਦਾ ਮਸਲਾ ਹੈ ਧਰਮ ਤਬਦੀਲੀ । ਮੈਂ ਇੱਥੇ ਇੱਕ ਗੱਲ ਸਪੱਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਕਿਸੇ ਵੀ ਧਰਮ ਪ੍ਰਤੀ ਕਿੰਤੂ-ਪ੍ਰੰਤੂ ਕਰਨਾ ਮੇਰਾ ਹਰਗਿਜ਼ ਮੰਤਵ ਨਹੀਂ, ਪਰ ਇੱਕ ਸਾਧਾਰਨ ਲੇਖਕ ਹੋਣ ਦੀ ਹੈਸੀਅਤ 'ਚ ਦੁਨਿਆਵੀ ਮੰਚ 'ਤੇ ਜੋ ਕੁਝ ਵੀ ਵਾਪਰਦਾ ਹੈ, ਉਸ ਨੂੰ ਬਿਨਾਂ ਕਿਸੇ ਪੱਖਪਾਤ ਤੋਂ ਜਨਤਕ ਕਚਹਿਰੀ ਦੇ ਸਨਮੁੱਖ ਕਰਨਾ ਮੇਰੀ ਜ਼ਿੰਮੇਵਾਰੀ ਅਤੇ ਫਰਜ਼ ਹੈ। ਇੱਕ ਗੱਲ ਬੜੀ ਸਾਫ ਅਤੇ ਸਪੱਸ਼ਟ ਹੈ ਕਿ ਕੋਈ ਵੀ ਵਰਤਾਰਾ ਬਗੈਰ ਕਿਸੇ ਕਾਰਨੋਂ ਵਾਪਰ ਹੀ ਨਹੀਂ ਸਕਦਾ। ਇਸ ਲਈ ਸਭ ਤੋਂ ਪਹਿਲਾ ਨੁਕਤਾ ਹੀ ਇਹ ਹੈ ਕਿ ਜਿਨ੍ਹਾਂ ਚਿਰ ਅਜਿਹੇ ਵਰਤਾਰਿਆਂ ਦੀ ਬਰੀਕੀ ਨਾਲ ਪੜਤਾਲ ਨਾ ਕਰ ਲਈ ਜਾਵੇ, ਓਨਾ ਉਨ੍ਹਾਂ ਚਿਰ ਆਪਣੇ ਨਿੱਜੀ ਹਿੱਤਾਂ ਨੂੰ ਧਿਆਨ ਹਿੱਤ ਰੱਖਦਿਆਂ, ਕਿਸੇ ਵੀ ਮਸਲੇ ਬਾਰੇ ਆਪਣਾ ਪੱਖ ਰੱਖਣਾ ਜਾਂ ਕੋਈ ਬਿਆਨ ਜਾਰੀ ਕਰਨਾ ਉਸ ਮਸਲੇ ਨਾਲ ਕਿਤੇ ਨਾ ਕਿਤੇ ਇਨਸਾਫ ਦੇ ਤਰਾਜ਼ੂ ਵਿੱਚ ਪਾਸਕੂ ਪਾਉਣ ਵਾਲੀ ਗੱਲ ਹੈ।

ਭਾਰਤ ਸੰਸਾਰ ਦਾ ਸਭ ਤੋਂ ਵੱਡਾ ਲੋਕਤੰਤਰ ਹੋਣ ਦੇ ਨਾਲ ਇੱਕ ਧਰਮ ਨਿਰਪੱਖ ਦੇਸ਼ ਵੀ ਹੈ। ਇੱਥੇ ਕਿਸੇ ਨਾਗਰਿਕ ਨੂੰ ਅਪਣੀ ਇੱਛਾ ਅਨੁਸਾਰ ਕਿਸੇ ਵੀ ਧਰਮ ਨੂੰ ਅਪਨਾਉਣ ਜਾਂ ਤਿਆਗਣ ਦੀ ਪੂਰਨ ਅਜ਼ਾਦੀ ਹੈ।

ਪਿਛਲੇ ਕੁਝ ਸਮੇਂ ਤੋਂ ਮੀਡੀਆ ਰਾਹੀਂ ਇਹ ਸੰਵੇਦਨਸ਼ੀਲ ਮਸਲਾ ਪੂਰੀ ਚਰਚਾ 'ਚ ਹੈ ।ਵੱਖ-ਵੱਖ ਰਾਜਨੀਤਕ ਅਤੇ ਧਾਰਮਿਕ ਆਗੂਆਂ ਤੋਂ ਇਲਾਵਾ ਆਮ ਲੋਕ ਵੀ ਆਪੋ ਆਪਣੇ ਨਜ਼ਰੀਏ ਅਤੇ ਹਿਤਾਂ ਅਨੁਸਾਰ ਇਸ ਮਸਲੇ 'ਤੇ ਪ੍ਰਤੀਕਰਮ ਵੀ ਦੇ ਰਹੇ ਹਨ । ਧਰਮ ਤਬਦੀਲੀ ਦੀਆਂ ਚਰਚਾਵਾਂ ਕਿਸੇ ਆਮ ਵਿਅਕਤੀ ਲਈ ਭਾਵੇਂ ਕੋਈ ਬਹੁਤੀਆਂ ਮਹੱਤਵਪੂਰਨ ਜਾਂ ਵਿਸ਼ੇਸ ਅਰਥ ਨਾ ਵੀ ਰੱਖਦੀਆਂ ਹੋਣ, ਪ੍ਰੰਤੂ ਧਾਰਮਿਕ ਅਕੀਦੇ ਵਾਲੇ ਲੋਕਾਂ ਅਤੇ ਧਾਰਮਿਕ ਮੁਖੀਆਂ ਲਈ ਇਹ ਸੰਜੀਦੀਗੀ ਨਾਲ ਵਿਚਾਰਨ ਤੋਂ ਇਲਾਵਾ ਚਿੰਤਾ ਦਾ ਵਿਸ਼ਾ ਵੀ ਹੈ। ਜੇਕਰ ਉਹ ਇਸ ਨੂੰ ਅਣਗੌਲਿਆਂ ਕਰਦੇ ਹਨ ਤਾਂ ਇਸ ਦਾ ਮਤਲਬ ਸਾਫ ਹੈ ਕਿ ਕਿਤੇ ਨਾ ਕਿਤੇ ਉਹ ਆਪਣੇ ਫ਼ਰਜ਼ਾਂ ਤੋਂ ਟਾਲਾ ਵੱਟ ਰਹੇ ਹਨ।ਇਹ ਗੱਲ ਵੀ ਪੂਰੀ ਤਰ੍ਹਾਂ ਸਪੱਸ਼ਟ ਹੈ ਕਿ ਧਰਮ ਵਿੱਚ ਹੱਦ ਦਰਜੇ ਦੀ ਆਸਥਾ ਰੱਖਣ ਵਾਲਾ ਵਿਅਕਤੀ ਕਿਸੇ ਦੂਸਰੇ ਧਰਮ ਨੂੰ ਅਪਣਾਉਣ ਸਮੇਂ ਜਿਸ ਮਾਨਸਿਕ ਪੀੜਾ ਵਿੱਚੋਂ ਗੁਜ਼ਰਦਾ ਹੋਵੇਗਾ, ਉਸ ਨੂੰ ਸ਼ਬਦਾਂ ਵਿੱਚ ਬਿਆਨ ਕਰਨਾ ਜੇਕਰ ਅਸੰਭਵ ਨਹੀਂ ਤਾਂ, ਕਠਿਨ ਜ਼ਰੂਰ ਹੈ। ਦੂਸਰੇ ਸ਼ਬਦਾਂ ਵਿਚ ਧਰਮ ਤਬਦੀਲੀ ਆਮ ਹਾਲਤਾਂ ਵਿੱਚ ਹੋ ਹੀ ਨਹੀਂ ਸਕਦੀ, ਸਗੋਂ ਇਸ ਪਿੱਛੇ ਬਹੁਤ ਸਾਰੇ ਡੂੰਘੇ ਰਹੱਸ ਛੁਪੇ ਹੁੰਦੇ ਹੋਣਗੇ, ਜੋ ਕਿਸੇ ਵਿਅਕਤੀ ਨੂੰ ਅਜਿਹਾ ਫੈਸਲਾ ਲੈਣ ਲਈ ਪ੍ਰੇਰਿਤ ਹੀ ਨਹੀਂ, ਸਗੋਂ ਮਜਬੂਰ ਵੀ ਕਰਦੇ ਹੋਣਗੇ। ਸਿੱਖ ਧਰਮ ਹਿੰਦੂ ਧਰਮ ਦੀਆਂ ਕੁੱਝ ਕੱਟੜ ਰਹੁ-ਰੀਤਾਂ ਕਾਰਨ ਹੀ ਹੋਂਦ 'ਚ ਆਇਆ ਹੈ । ਇਸ ਨੂੰ ਇੱਕ ਇਨਕਲਾਬੀ ਧਰਮ ਵਜੋਂ ਵੀ ਜਾਣਿਆ ਜਾਂਦਾ ਹੈ, ਕਿਉਂਕਿ ਸਾਰੇ ਹੀ ਸਿੱਖ ਗੁਰੂ ਸਾਹਿਬਾਨਾਂ ਨੇ ਦੇਸ਼ ਅੰਦਰ ਚੱਲ ਰਹੀ ਵਰਣ ਵਿਵਸਥਾ ਦਾ ਖੰਡਨ ਕਰਕੇ ਸਮੁੱਚੀ ਮਨੁੱਖਤਾ ਦੇ ਬਰਾਬਰ ਹੋਣ ਨੂੰ ਸਿਰਫ਼ ਸਿਧਾਂਤਕ ਹੀ ਨਹੀਂ, ਸਗੋਂ ਅਮਲੀ ਰੂਪ ਵਿੱਚ ਲਾਗੂ ਕਰਕੇ ਕਹਿਣੀ ਅਤੇ ਕਰਨੀ ਦੇ ਪੂਰੇ ਹੋਣ ਦਾ ਸਬੂਤ ਵੀ ਪੇਸ਼ ਕੀਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਈਸਵੀ ਦੀ ਵਿਸਾਖੀ ਮੌਕੇ ਸਭ ਨੂੰ ਇੱਕੋ ਬਾਟੇ 'ਚ ਅੰਮ੍ਰਿਤ ਛਕਾ ਕੇ ਜਿੱਥੇ ਸਿੱਖ ਧਰਮ ਦੀ ਨੀਂਹ ਰੱਖੀ, ਉੱਥੇ ਨਾਲ ਹੀ 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ' ਦਾ ਅਦੁੱਤੀ ਸਿਧਾਂਤ ਵੀ ਦੁਨੀਆ ਦੇ ਸਨਮੁੱਖ ਕੀਤਾ ।ਮਹਾਨ ਜਰਨੈਲ ਹਰੀ ਸਿੰਘ ਨਲੂਆ ਤੋਂ ਇਲਾਵਾ ਹੋਰ ਅਨੇਕਾਂ ਹੀ ਮਹਾਨ ਸਿੰਘਾਂ, ਸਿੰਘਣੀਆਂ ਦੀ ਯਾਦ ਨੂੰ ਤਾਜ਼ਾ ਰੱਖਣ ਲਈ ਅਤੇ ਉਨ੍ਹਾਂ ਦੀਆਂ ਭਵਿੱਖੀ ਨਸਲਾਂ 'ਚ ਉਨ੍ਹਾਂ ਦੇ ਪੁਰਖਿਆਂ ਵੱਲੋਂ ਕੀਤੀਆਂ ਗਈਆਂ ਅਥਾਹ ਕੁਰਬਾਨੀਆਂ ਬਾਰੇ ਉਤਸੁਕਤਾ ਪੈਦਾ ਕਰਨ ਲਈ ਉਨ੍ਹਾਂ ਦੀਆਂ ਢੁਕਵੀਆਂ ਯਾਦਗਾਰਾਂ ਬਣਵਾਉਣ ਅਤੇ ਉਹਨਾਂ ਦੇ ਜੀਵਨ ਨਾਲ ਸੰਬੰਧਤ ਪ੍ਰਚਾਰ-ਪ੍ਰਸਾਰ ਕਰਨ ਵਾਲੇ ਸਾਹਿਤ ਨੂੰ ਉਨ੍ਹਾਂ ਦੇ ਵਾਰਸਾਂ ਤੱਕ ਪਹੁੰਚਾਉਣ ਵਿੱਚ ਮੌਜੂਦਾ ਪ੍ਰਬੰਧਕਾਂ ਵਲੋਂ ਕਿਤੇ ਨਾ ਕਿਤੇ ਕੀਤਾ ਵਿਤਕਰਾ ਅਤੇ ਪੱਖਪਾਤ ਸਪੱਸ਼ਟ ਨਜ਼ਰੀ ਪੈ ਰਿਹਾ ਹੈ।ਇਸ ਲਈ ਜਦੋਂ ਦਲਿਤ ਵਰਗ ਦੀ ਮੌਜੂਦਾ ਪੀੜ੍ਹੀ ਆਪਣੇ ਪੁਰਖਿਆ ਦੀਆਂ ਮਾਣ-ਮੱਤੀਆਂ ਅਤੇ ਜ਼ਿਕਰਯੋਗ ਕੁਰਬਾਨੀਆਂ ਨੂੰ ਜ਼ਿੰਮੇਵਾਰ ਵਿਅਕਤੀਆਂ ਵੱਲੋਂ ਅਣਗੌਲਿਆ ਕਰਨ ਜਾਂ ਬੇਮੁੱਖ ਹੋਇਆ ਦੇਖਦੀ ਹੈ ਤਾਂ ਉਨ੍ਹਾਂ ਦੇ ਮਨਾਂ ਅੰਦਰਲੀ ਗੁਸੈਲੀ ਭਾਵਨਾ ਦਾ ਜ਼ਾਹਿਰਾ ਤੌਰ 'ਤੇ ਪਰਗਟ ਹੋਣਾ ਇੱਕ ਭਾਵਨਾਤਮਿਕ ਅਤੇ ਕੁਦਰਤੀ ਵਰਤਾਰਾ ਹੈ , ਕਿਉਂਕਿ ਅੱਜ ਉਹ ਪੜ੍ਹ-ਲਿਖ ਕੇ ਜਾਗਰੂਕ ਹੋ ਗਏ ਹਨ । ਅਖ਼ਬਾਰੀ ਸੁਰਖੀਆਂ ਗਵਾਹ ਹਨ ਕਿ ਇਸ ਵਰਗ ਦੇ ਲੋਕਾਂ ਨੂੰ ਕੁਝ ਪਿੰਡਾਂ ਵਿੱਚ ਲੜਕੀਆਂ ਦੇ ਆਨੰਦ ਕਾਰਜਾਂ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੇਣ ਤੋਂ ਵੀ ਮਨ੍ਹਾ ਕੀਤਾ ਗਿਆ, ਅੱਜ ਵੀ ਇੱਕਾ-ਦੁੱਕਾ ਗੁਰਦੁਆਰਾ ਸਾਹਿਬਾਨਾਂ 'ਚ ਸਰੇਆਮ ਵੱਖਰੇ ਬਰਤਨ ਰੱਖਣ ਦਾ ਸਿਲਸਿਲਾ ਬਾ-ਦਸਤੂਰ ਜਾਰੀ ਹੈ ।ਭਾਰਤ ਦੇ ਕੁਝ ਧਾਰਮਿਕ ਸਥਾਨਾਂ 'ਤੇ ਇਸ ਵਰਗ ਦੇ ਦਾਖਲੇ 'ਤੇ ਪੂਰਨ ਪਾਬੰਦੀ ਹੈ। ਗ਼ੈਰਕਾਨੂੰਨੀ ਸਮਾਜਿਕ ਬਾਈਕਾਟ ਹੋਣੇ, ਕਿਧਰੇ ਦਲਿਤ ਸਕੂਲ ਮੁਖੀ ਨੂੰ ਗਣਤੰਤਰ ਦਿਵਸ 'ਤੇ ਕੌਮੀ ਝੰਡਾ ਲਹਿਰਾਉਣ ਤੋਂ ਰੋਕਣਾ ਜਾਂ ਫਿਰ ਕਿਸੇ ਾਈ ਕੋਰਟ ਦੇ ਮੁੱਖ ਜੱਜ ਦੀ ਬਦਲੀ ਤੋਂ ਬਾਅਦ ਨਵੇਂ ਆਏ ਜੱਜ ਸਾਹਿਬ ਵੱਲੋਂ ਆਪਣੇ ਦਫ਼ਤਰ ਨੂੰ ਗੰਗਾ ਜਲ ਨਾਲ ਪਵਿੱਤਰ ਕਰਨਾ, ਹੋਰ ਕਿਧਰੇ ਪੂਜਾ ਕਰਨ ਦੀ ਜ਼ਿੱਦ ਕਰਨ ਵਾਲੀ ਦਲਿਤ ਲੜਕੀ ਨੂੰ ਖੂਹ 'ਚ ਹੀ ਸੁੱਟ ਦੇਣਾ, ਇਸ ਤੋਂ ਵੀ ਅੱਗੇ ਲੰਘ ਕੇ ਇਸ ਜਾਤੀ ਵਿਤਕਰੇ ਨੇ ਕੁਦਰਤੀ ਆਫਤਾਂ ਸਮੇਂ ਵੀ ਇਨ੍ਹਾਂ ਲੋਕਾਂ ਦਾ ਪਿੱਛਾ ਨਹੀਂ ਛੱਡਿਆ।ਮਨੁੱਖੀ ਮਨ ਦੀ ਪ੍ਰਵਿਰਤੀ ਹੈ ਕਿ ਇਹ ਕਿਸੇ ਦੁਖੀ ਨੂੰ ਦੇਖ ਕੇ ਲਾਜ਼ਮੀ ਤੌਰ 'ਤੇ ਪਸੀਜ ਜਾਂਦੀ ਹੈ, ਪ੍ਰੰਤੂ ਹੈਰਾਨੀ ਦੀ ਗੱਲ ਕਿ ਪਿਛਲੇ ਸਮਿਆਂ ਦੌਰਾਨ ਗੁਜਰਾਤ 'ਚ ਆਏ ਭੁਚਾਲਾ ਸਮੇਂ ਵੀ ਅਖੌਤੀ ਉੱਚ ਜਾਤੀ ਦੇ ਲੋਕਾਂ ਵੱਲੋਂ ਦਲਿਤਾਂ ਨਾਲ ਭੋਜਨ ਸਾਂਝਾ ਨਹੀਂ ਕੀਤਾ । ਇਸ ਤਰ੍ਹਾਂ ਦੀਆਂ ਦੁਸ਼ਵਾਰੀਆਂ, ਗੈਰ-ਮਾਨਵੀ ਵਰਤਾਓ, ਗੈਰ-ਕਾਨੂੰਨੀ ਅਤੇ ਅਸੱਭਿਅਕ ਬੋਲਚਾਲ ਦੇ ਚਲਦਿਆਂ ਜੇਕਰ ਕੋਈ ਵਿਅਕਤੀ ਭਰੇ ਮਨ ਨਾਲ ਕਿਸੇ ਹੋਰ ਧਰਮ, ਸਮੁਦਾਏ ਜਾਂ ਡੇਰੇ ਵੱਲ ਆਕਰਸ਼ਿਤ ਹੁੰਦਾ ਹੈ ਜਾਂ ਫਿਰ ਧਰਮ ਪ੍ਰੀਵਰਤਨ ਕਰ ਲੈਂਦਾ ਹੈ ਤਾਂ ਇਹ ਕੋਈ ਗੈਰ-ਕੁਦਰਤੀ ਵਰਤਾਰਾ ਨਹੀਂ ਜਾਪਦਾ ।ਇਸ ਸਭ ਕੁਝ ਦੇ ਪ੍ਰਤੀਕਰਮ ਵਜੋਂ ਕੁੱਝ ਕੁ ਰਾਜਸੀ ਅਤੇ ਧਾਰਮਿਕ ਆਗੂ ਵੱਖ-ਵੱਖ ਤਰ੍ਹਾਂ ਦੇ ਬਿਆਨ ਜਾਰੀ ਕਰ ਰਹੇ ਹਨ, ਕੁਝ ਲੋਕ ਧਰਮ ਪਰਿਵਰਤਨ ਕਰਨ ਵਾਲਿਆਂ 'ਤੇ ਨਿਰਅਧਾਰ ਹੀ ਮੋਟੀਆਂ ਰਕਮਾਂ ਵਸੂਲਣ ਦੇ ਕਥਿਤ ਦੋਸ਼ ਲਗਾ ਲਾ ਰਹੇ ਹਨ, ਕੋਈ ਧਰਮ ਪਰਿਵਰਤਨ 'ਤੇ ਪਾਬੰਦੀ ਮੰਗਦਾ ਹੈ, ਕੁਝ ਕੁ ਸਰਬ ਪਾਰਟੀ ਮੀਟਿੰਗ ਦੀ ਦੁਹਾਈ ਪਾਉਂਦੇ ਹਨ ਅਤੇ ਕੋਈ ਕੁਝ ਹੋਰ ਕਹਿੰਦਾ ਹੈ ।ਇਸ ਸਭ ਕੁੱਝ ਦੇ ਵਿਚਕਾਰ ਹੈਰਾਨੀ ਅਤੇ ਚਿੰਤਾ ਵਾਲੀ ਗੱਲ ਇਹ ਹੈ ਕਿ ਇਸ ਵਰਤਾਰੇ ਦੇ ਪਿਛੋਕੜ ਅਤੇ ਬੁਨਿਆਦੀ ਕਾਰਨਾਂ ਦੀ ਗਹਿਰਾਈ ਨਾਲ ਪੁਣਛਾਣ ਕਰਨ ਅਤੇ ਇਸ ਦੇ ਢੁਕਵੇਂ ਅਤੇ ਸਥਾਈ ਹੱਲ ਲਈ ਸਿਰ ਜੋੜ ਕੇ ਬੈਠਣ ਨੂੰ ਕੋਈ ਵੀ ਧਿਰ ਤਿਆਰ ਨਹੀਂ ।

ਇਸ ਲਈ ਧਾਰਮਿਕ ਮੁਖੀਆਂ, ਸਿਆਸਤਦਾਨਾਂ, ਸਮਾਜਿਕ ਅਤੇ ਜਨਤਕ ਜਥੇਬੰਦੀਆਂ ਨੂੰ ਸੁਹਿਰਦਤਾ ਨਾਲ ਕੋਈ ਨਾ ਕੋਈ ਫੈਸਲਾ ਤਾਂ ਲੈਣਾ ਹੀ ਪਵੇਗਾ, ਤਾਂ ਕਿ ਸਮਾਜਿਕ, ਰਾਜਨੀਤਕ ਅਤੇ ਆਰਥਿਕ ਖੇਤਰ ਵਿਚ ਮਹੱਤਵਪੂਰਨ ਯੋਗਦਾਨ ਪਾਉਣ ਵਾਲੇ ਇਸ ਦੱਬੇ-ਕੁਚਲੇ ਅਤੇ ਸਦੀਆਂ ਤੋਂ ਹਾਸ਼ੀਏ 'ਤੇ ਧੱਕੇ ਹੋਏ ਇਸ ਵਰਗ ਨੂੰ ਵੀ ਕੁਝ ਮਾਣ-ਸਤਿਕਾਰ ਮਿਲ ਸਕੇ। ਇਹ ਲੋਕ ਵੀ ਹਰ ਪੱਖੋਂ ਸੰਤੁਸ਼ਟ ਹੋ ਕੇ ਬਰਾਬਰਤਾ ਵਾਲੇ ਜੀਵਨ ਦਾ ਅਹਿਸਾਸ ਕਰ ਸਕਣ।ਅਜਿਹਾ ਨਾ ਹੋਣ ਦੀ ਸੂਰਤ ਵਿੱਚ ਇਹ ਸੁਲਗਦੀ ਚੰਗਿਆੜੀ ਕਿਸੇ ਵੇਲੇ ਵੀ ਵੀ ਭਾਂਬੜ ਦਾ ਰੂਪ ਅਖਤਿਆਰ ਕਰ ਕੇ ਅਨੇਕਤਾ 'ਚ ਏਕਤਾ ਵਾਲੇ ਇਸ ਮਹਾਨ ਦੇਸ਼ ਨੂੰ ਆਪਣੀ ਲਪੇਟ 'ਚ ਲੈ ਕੇ ਅਰਾਜਕਤਾ ਵਾਲਾ ਮਹੌਲ ਸਿਰਜ ਸਕਦੀ ਹੈ। ਨਤੀਜਨ ਪਛਤਾਵੇ ਦੀ ਅੱਗ 'ਚ ਸੜਨ ਤੋਂ ਇਲਾਵਾ ਸਾਡੇ ਹੱਥ ਪੱਲੇ ਕੁਝ ਵੀ ਨਹੀਂ ਬਚਣਾ ।ਇਸ ਲਈ ਸਾਰੀਆਂ ਸੁਹਿਰਦ ਧਿਰਾਂ ਨੂੰ ਅੱਜ ਤੋਂ ਹੀ ਇਸ ਪਾਸੇ ਵੱਲ ਉਸਾਰੂ ਯਤਨ ਅਰੰਭ ਕਰਕੇ ਭਾਈਚਾਰਕ ਸਾਂਝ, ਮਾਨਵੀ ਸਮਾਨਤਾ ਅਤੇ ਸ਼ਾਂਤੀ ਪਸੰਦ ਸਮਾਜ ਦੀ ਸਿਰਜਣਾ ਵੱਲ ਵਧੀਏ, ਇਸੇ ਵਿੱਚ ਹੀ ਸਭ ਦੀ ਭਲਾਈ ਹੈ।

# ਸੰਪਰਕ : 89680-56200

23-Dec-PAGE---8.qxd 12/22/2024 9:55 PM Page 1



# ਬੰਗਾ ਵਿਖੇ ਅਮਿਤ ਸ਼ਾਹ ਦਾ ਫੂਕਿਆ ਪੁਤਲਾ

**ਬੰਗਾ (ਅਵਤਾਰ ਕਲੇਰ)**

ਐਸ ਸੀ ਬੀ ਸੀ ਅਧਿਆਪਕ ਯੂਨੀਅਨ, ਸਹਿਯੋਗੀ ਮੁਲਾਜ਼ਮ ਜਥੇਬੰਦੀਆਂ ਅਤੇ ਇਲਾਕੇ ਦੀਆਂ ਸ੍ਰੀ ਗੁਰੂ ਰਵਿਦਾਸ ਸਭਾਵਾਂ, ਡਾ. ਅੰਬੇਡਕਰ ਸਭਾਵਾਂ, ਭਗਵਾਨ ਵਾਲਮੀਕ ਸਭਾਵਾਂ ਅਤੇ ਇਲਾਕੇ ਦੇ ਬੁੱਧੀਜੀਵੀ ਅਤੇ ਅੰਬੇਡਕਰੀ ਲੋਕਾਂ ਦਾ ਇਕੱਠ ਬੱਸ ਸਟੈਂਡ ਬੰਗਾ ਦੇ ਅੱਗੇ ਫਗਵਾੜਾ-ਨਵਾਂਸ਼ਹਿਰ ਮੁੱਖ ਮਾਰਗ 'ਤੇ ਹੋਇਆ। ਜਿਸ ਵਿੱਚ ਕੇਂਦਰ ਦੀ ਭਾਜਪਾ ਸਰਕਾਰ ਦੇ ਦੋ ਨੰਬਰ ਦੇ ਕੈਬਨਿਟ ਮੰਤਰੀ ਅਮਿਤ ਸ਼ਾਹ ਖਿਲਾਫ ਅਤੇ ਭਾਰਤੀ ਜਨਤਾ ਪਾਰਟੀ ਖਿਲਾਫ ਰੱਜ ਕੇ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਲੈਕ. ਰਾਮ ਕ੍ਰਿਸ਼ਨ ਪੱਲੀ ਝਿੱਕੀ ਜ਼ਿਲ੍ਹਾ ਪ੍ਰਧਾਨ ਐਸ ਸੀ ਬੀ ਸੀ ਅਧਿਆਪਕ ਯੂਨੀਅਨ ਨੇ ਕਿਹਾ ਕਿ ਕੇਂਦਰੀ ਮੰਤਰੀ ਅਮਿਤ ਸ਼ਾਹ ਨੇ ਬਾਬਾ ਸਾਹਿਬ ਬਾਰੇ ਬਹੁਤ ਹੀ ਘਟੀਆ ਸ਼ਬਦਾਵਲੀ ਵਰਤੀ ਹੈ ਜੋ ਕਿ ਬਹੁਤ ਹੀ ਨਿੰਦਣਯੋਗ ਹੈ। ਉਹਨਾਂ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਅਗਰ ਇਸ ਮੰਤਰੀ ਨੇ ਇਸ ਪ੍ਰਤੀ ਮੁਆਫੀ ਨਾ ਮੰਗੀ ਤਾਂ ਆਉਣ ਵਾਲੇ ਦਿਨਾਂ ਵਿੱਚ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਏਗਾ। ਇਸ ਮੌਕੇ ਬੋਲਦੇ ਹੋਏ ਸਾਬਕਾ ਐਸ ਐਮ ਓ ਡਾ. ਨਿਰੰਜਨ ਪਾਲ ਨੇ ਕਿਹਾ ਕਿ ਕੇਂਦਰ ਦੀ ਸਰਕਾਰ ਲਗਾਤਾਰ ਦਲਿਤ ਵਰਗ ਨਾਲ ਧੱਕਾ ਕਰਦੀ ਆ ਰਹੀ ਹੈ, ਅੱਜ ਉਸ ਨੇ ਬਾਬਾ ਸਾਹਿਬ ਬਾਰੇ ਘਟੀਆ ਸ਼ਬਦਾਵਲੀ ਵਰਤ ਕੇ ਆਪਣੀ ਮਾਨਸਿਕਤਾ ਦਾ ਸਬੂਤ ਦੇ ਦਿੱਤਾ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਲੈਕ. ਕਿਸ਼ਨ ਖਟਕੜ, ਸੋਹਣ ਲਾਲ, ਕੋਚ ਸੁਰਿੰਦਰ ਸਿੰਘ ਖਾਲਸਾ, ਲੈਕ. ਸੁਰਜੀਤ ਸੈਂਪਲੇ ਅਤੇ ਦੇਸ ਰਾਜ ਨੌਰਦ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਰਾਮ ਕ੍ਰਿਸ਼ਨ ਪੱਲੀ ਝਿੱਕੀ, ਡਾ. ਵੇਦ ਪ੍ਰਕਾਸ਼, ਡਾ. ਅਮਰੀਕ ਸਿੰਘ, ਡਾ. ਕਸ਼ਮੀਰ ਚੰਦ, ਡਾ. ਨਿਰੰਜਨ ਪਾਲ, ਡਾ. ਸੋਮਨਾਥ ਲੋਦੀਪੁਰ, ਡਾ. ਸੁਖਵਿੰਦਰ ਹੀਰਾ, ਸੁਰਜੀਤ ਸੈਂਪਲੇ, ਨਿਰਮਲ ਸਿੰਘ ਸੁਪਰਡੈਂਟ, ਦੇਸ ਰਾਜ ਨੌਰਦ, ਧਰਮਪਾਲ ਪ੍ਰਿੰਸੀਪਲ, ਮਲਕੀਤ ਸਿੰਘ ਨਵਾਂਸ਼ਹਿਰ, ਹਰਮੇਸ਼ ਮੁਸਾਪੁਰ, ਸੁਰਿੰਦਰ ਮੋਹਨ, ਸੁਮਿਤ ਸੋਡੀ, ਸੁਰਿੰਦਰ ਸਿੰਘ ਖਾਲਸਾ, ਸੋਹਨ ਲਾਲ, ਗੁਰਦਿਆਲ ਦੋਸਾਂਝ, ਅਮਰਜੀਤ ਕੋਚ, ਐਚ ਐਸ ਸੂਦ, ਸੁਰਜੀਤ ਮੱਲੂਪੋਤਾ, ਜਸਵੀਰ ਸ਼ੀਰਾ ਸਾਬਕਾ ਸਰਪੰਚ, ਲੈਕ. ਮਨਜਿੰਦਰ ਸਿੰਘ, ਸੰਦੀਪ ਬਾਲੀ, ਵਿਪਨ ਬੰਗਾ, ਸੁਦੇਸ਼ ਦੀਵਾਨ, ਰਾਜਪਾਲ ਕੈਥ, ਮੱਖਣ ਬਖਲੌਰ, ਰੇਸ਼ਮ ਬਾਬਾ, ਹਰਜਿੰਦਰ ਲੱਦੜ, ਅਜੇ ਖਟਕੜ, ਮਦਨ ਲਾਲ ਰਸੂਲਪੁਰ, ਮਦਨ ਲਾਲ ਬੈਂਸ, ਲੈਕ. ਕਿਸ਼ਨ ਖਟਕੜ, ਲੈਕ. ਜਸਵਿੰਦਰ ਕਾਹਮਾ, ਲੈਕ. ਕੁਲਵਿੰਦਰ ਬੰਗਾ, ਗੁਰਦਿਆਲ ਦੁਸਾਂਝ, ਨਿਤਨ ਮੁਕੰਦਪੁਰ, ਹਰਮੇਸ਼ ਵਿਰਦੀ, ਕੁਲਵਿੰਦਰ ਰਾਣਾ, ਅਮਰ ਕਟਾਰੀਆ, ਗੁਰਦਿਆਲ ਹੀਓ, ਪਰਮਜੀਤ ਮਹਿਰਮਪੁਰ, ਕਿਰਪਾਲ ਝੱਲੀ, ਨਿਰਮਲ ਬੰਗਾ, ਨਿਰਮਲ ਸਿੰਘ ਤੋਂ ਇਲਾਵਾ ਵੱਖ-ਵੱਖ ਜਥੇਬੰਦੀਆਂ ਦੇ ਆਗੂ ਅਤੇ ਵਰਕਰ ਹਾਜ਼ਰ ਸਨ।



# ਆਰ ਐੱਮ ਪੀ ਆਈ ਦੀਆਂ ਰਾਜਨੀਤਕ ਕਾਨਫਰੰਸਾਂ ਨੂੰ ਕਿਰਤੀ-ਕਿਸਾਨਾਂ ਤੇ ਹੋਰ ਵਰਗਾਂ ਵੱਲੋਂ ਭਰਪੂਰ ਹੁੰਗਾਰਾ

**ਜਲੰਧਰ (ਕੇਸਰ, ਰਾਜੇਸ਼ ਥਾਪਾ)**

ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐਮ ਪੀ ਆਈ) ਦੀ ਰਾਜ ਕਮੇਟੀ ਦੇ ਸੱਦੇ 'ਤੇ ਚਲਾਈ ਜਾ ਰਹੀ ਵਿਚਾਰਧਾਰਕ-ਸਿਆਸੀ ਮੁਹਿੰਮ ਤਹਿਤ ਸੂਬੇ ਭਰ 'ਚ ਕੀਤੀਆਂ ਜਾ ਰਹੀਆਂ ਰਾਜਨੀਤਕ ਕਾਨਫਰੰਸਾਂ ਨੂੰ ਪੰਜਾਬ ਵਾਸੀਆਂ, ਖਾਸ ਕਰਕੇ ਕਿਰਤੀ-ਕਿਸਾਨਾਂ ਤੇ ਹੋਰ ਮਿਹਨਤਕਸ਼ ਵਰਗਾਂ ਵਲੋਂ ਭਰਵੀਂ ਸ਼ਮੂਲੀਅਤ ਰਾਹੀਂ ਭਰਪੂਰ ਹੁੰਗਾਰਾ ਦਿੱਤਾ ਜਾ ਰਿਹਾ ਹੈ। ਕਾਨਫਰੰਸਾਂ ਨੂੰ ਪਾਰਟੀ ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ, ਰਾਜ ਕਮੇਟੀ ਦੇ ਪ੍ਰਧਾਨ ਰਤਨ ਸਿੰਘ ਰੰਧਾਵਾ, ਸਕੱਤਰ ਪਰਗਟ ਸਿੰਘ ਜਾਮਾਰਾਏ, ਖਜ਼ਾਨਚੀ ਪ੍ਰੋਫੈਸਰ ਜੈਪਾਲ ਸਿੰਘ ਤੋਂ ਇਲਾਵਾ ਕੇਂਦਰੀ ਕਮੇਟੀ ਦੇ ਮੈਂਬਰਾਨ ਸਾਥੀ ਹਰਕੰਵਲ ਸਿੰਘ, ਰਘਬੀਰ ਸਿੰਘ ਬਟਾਲਾ, ਗੁਰਨਾਮ ਸਿੰਘ ਦਾਊਦ, ਕੁਲਵੰਤ ਸਿੰਘ ਸੰਧੂ, ਮਹੀਪਾਲ, ਸੱਜਣ ਸਿੰਘ, ਸੂਬਾ ਸਕੱਤਰੇਤ ਦੇ ਮੈਂਬਰਾਨ ਡਾਕਟਰ ਸਤਨਾਮ ਸਿੰਘ ਅਜਨਾਲਾ ਤੇ ਨੱਥਾ ਸਿੰਘ ਪਠਾਨਕੋਟ ਅਤੇ ਰਾਜ ਕਮੇਟੀ ਦੇ ਮੈਂਬਰਾਂ ਤੇ ਸਥਾਨਕ ਆਗੂਆਂ ਵਲੋਂ ਸੰਬੋਧਨ ਕੀਤਾ ਜਾ ਰਿਹਾ ਹੈ। ਇਹ ਜਾਣਕਾਰੀ ਪਾਰਟੀ ਦੇ ਸੂਬਾਈ ਕੇਂਦਰ ਜਲੰਧਰ ਤੋਂ ਇਕ ਬਿਆਨ ਜਾਰੀ ਕਰਦਿਆਂ ਸਾਥੀ ਮਹੀਪਾਲ ਨੇ ਦਿੱਤੀ। ਮਹੀਪਾਲ ਨੇ ਇਹ ਵੀ ਦੱਸਿਆ ਕਿ ਉਕਤ ਲੜੀ ਤਹਿਤ 22 ਦਸੰਬਰ ਨੂੰ ਲੌਂਗੋਵਾਲ (ਸੰਗਰੂਰ) ਵਿਖੇ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਅਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ, ਨਕੋਦਰ ਵਿਖੇ ਪੰਜਾਬ ਦੇ ਕਾਲੇ ਦੌਰ ਦੇ ਸ਼ਹੀਦਾਂ ਸਾਥੀ ਵਰਿੰਦਰ ਗਗਨ, ਸੁਰਜੀਤ ਸਿੰਘ ਤੇ ਸਾਥੀ ਸ਼ਹੀਦਾਂ ਨੂੰ ਸਮਰਪਤ ਅਤੇ ਸ੍ਰੀ ਮੁਕਤਸਰ ਸਾਹਿਬ ਵਿਖੇ ਕਿਰਤੀ ਲਹਿਰ ਦੇ ਮਹਾਨ ਆਗੂਆਂ ਨੂੰ ਸਮਰਪਤ ਬੇਹੱਦ ਸਫਲ ਕਾਨਫਰੰਸਾਂ ਕੀਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਹੁਣ ਤੱਕ ਸ੍ਰੀ ਅੰਮ੍ਰਿਤਸਰ ਸਾਹਿਬ, ਤਰਨ ਤਾਰਨ, ਗੁਰਦਾਸਪੁਰ, ਜਲੰਧਰ, ਨਵਾਂਸ਼ਹਿਰ, ਰੋਪੜ, ਸੰਗਰੂਰ, ਪਟਿਆਲਾ, ਲੁਧਿਆਣਾ ਆਦਿ ਜ਼ਿਲ੍ਹਿਆਂ 'ਚ 25 ਕਾਨਫਰੰਸਾਂ ਕੀਤੀਆਂ ਜਾ ਚੁੱਕੀਆਂ ਹਨ, ਜਦਕਿ ਰਾਜ ਕਮੇਟੀ ਵਲੋਂ ਸਮੁੱਚੇ ਪੰਜਾਬ ਅੰਦਰ ਕੁਲ 50 ਕਾਨਫਰੰਸਾਂ ਕਰਨ ਦੀ ਵਿਉਂਤਬੰਦੀ ਉਲੀਕੀ ਗਈ ਹੈ। ਕਾਨਫਰੰਸਾਂ ਰਾਹੀਂ ਰਾਸ਼ਟਰੀ ਸੋਇਮ ਸੇਵਕ ਸੰਘ (ਆਰ ਐਸ ਐਸ) ਧਰਮ ਅਧਾਰਤ ਕੱਟੜ ਹਿੰਦੂਤਵੀ-ਮਨੂੰਵਾਦੀ ਰਾਜ ਕਰਨ ਦੇ ਫਿਰਕੂ-ਫਾਸ਼ੀ ਏਜੰਡੇ ਨੂੰ ਸਾਰੇ ਧਰਮਾਂ ਨੂੰ ਮੰਨਣ ਵਾਲੇ ਕਿਰਤੀਆਂ ਦੀ ਜਮਾਤੀ ਏਕਤਾ ਰਾਹੀਂ ਭਾਂਜ ਦੇਣ ਦਾ ਹੋਕਾ ਦਿੱਤਾ ਜਾ ਰਿਹਾ ਹੈ। ਨਾਲ ਹੀ ਕੇਂਦਰ ਦੀ ਮੋਦੀ-03 ਸਰਕਾਰ ਤੇ ਹਰ ਰੰਗ ਦੀਆਂ ਪ੍ਰਾਂਤਕ ਸਰਕਾਰਾਂ ਵੱਲੋਂ ਅੰਨ੍ਹੇਵਾਹ ਲਾਗੂ ਕੀਤੀਆਂ ਜਾ ਰਹੀਆਂ ਗਰੀਬ ਮਾਰੂ, ਦੇਸ਼ ਵਿਰੋਧੀ ਨਵ ਉਦਾਰਵਾਦੀ ਨੀਤੀਆਂ ਖਿਲਾਫ਼ ਜਾਰੀ ਲੋਕ ਸੰਘਰਸ਼ ਨੂੰ ਹੋਰ ਤਿੱਖਾ ਤੇ ਬੱਝਵਾਂ ਰੂਪ ਦੇਣ ਦੀ ਅਪੀਲ ਕੀਤੀ ਜਾ ਰਹੀ ਹੈ। ਪੰਜਾਬ ਨਾਲ ਸਬੰਧਤ ਦਹਾਕਿਆਂ ਤੋਂ ਅਣਸੁਲਝੇ ਮਸਲਿਆਂ ਦੇ ਨਿਆਂਪੂਰਵਕ ਸਮਾਧਾਨ ਅਤੇ ਕੇਂਦਰੀ ਹੁਕਮਰਾਨਾਂ ਵਲੋਂ ਪੰਜਾਬ ਨਾਲ ਕੀਤੇ ਜਾ ਰਹੇ ਧੱਕੇ ਵਿਤਕਰੇ ਦੇ ਖਾਤਮੇ ਲਈ ਸਮੂਹ ਪੰਜਾਬੀਆਂ ਨੂੰ ਸਰਬਸਾਂਝਾ ਸੰਗਰਾਮ ਵਿੱਢਣ ਅਤੇ ਪੰਜਾਬ ਦੇ ਅਮਨ-ਚੈਨ ਨੂੰ ਲਾਂਬੂ ਲਾਉਣ ਦੀਆਂ ਕੁਚਾਲਾਂ ਫੇਲ੍ਹ ਕਰਨ ਲਈ ਇਕਜੁੱਟ ਹੋਣ ਦਾ ਸੱਦਾ ਦੇਣਾ ਵੀ ਇਨ੍ਹਾਂ ਕਾਨਫਰੰਸਾਂ ਦਾ ਮਹੱਤਵ ਪੂਰਨ ਏਜੰਡਾ ਹੈ। ਕਾਨਫਰੰਸਾਂ ਲੋਕਾਂ ਨੂੰ ਦਰਪੇਸ਼ ਮੂਲ ਸਮੱਸਿਆਵਾਂ; ਗਰੀਬੀ-ਭੁੱਖਮਰੀ, ਬੇਰੁਜ਼ਗਾਰੀ-ਮਹਿੰਗਾਈ, ਕੁਪੋਸ਼ਣ, ਸਰਕਾਰੀ ਖੇਤਰ ਦੀਆਂ ਮਿਆਰੀ ਤੇ ਇਕਸਾਰ ਸਿੱਖਿਆ ਤੇ ਸਿਹਤ ਸਹੂਲਤਾਂ ਅਤੇ ਪੀਣ ਵਾਲੇ ਸਵੱਛ ਪਾਣੀ ਦੀ ਅਸਲੋਂ ਘਾਟ, ਭ੍ਰਿਸ਼ਟਾਚਾਰ, ਮਾਫੀਆ ਲੁੱਟ, ਨਸ਼ਾ ਕਾਰੋਬਾਰ ਆਦਿ ਖਿਲਾਫ਼ ਜਮਹੂਰੀ ਲੀਹਾਂ 'ਤੇ ਬੱਝਵਾਂ, ਅਨੁਸ਼ਾਸਨਬੱਧ ਘੋਲ ਵਿੱਢਣ ਦਾ ਜ਼ਰੀਆ ਵੀ ਬਣਨਗੀਆਂ। ਪੰਜਾਬ ਦੀ ਆਪ ਸਰਕਾਰ ਦੀਆਂ ਮੋਦੀ ਵਾਲੀਆਂ ਹੀ ਨੀਤੀਆਂ, ਸਥਾਨਕ ਅਦਾਰਿਆਂ ਦੀਆਂ ਚੋਣਾਂ 'ਚ ਕੀਤੀ ਜਾਂਦੀ ਧਾਂਦਲੀ-ਧੱਕੇਸ਼ਾਹੀ, ਮਾਫੀਆਂ ਗਰੋਹਾਂ ਦੀ ਪੁਸ਼ਤਪਨਾਹੀ ਆਦਿ ਖਿਲਾਫ਼ ਵੀ ਤਿੱਖੀ ਲੜਾਈ ਲੜਨ ਦਾ ਸੱਦਾ ਦਿੱਤਾ ਗਿਆ। ਇਸ ਤੋਂ ਇਲਾਵਾ ਲੋਕ ਸਮੱਸਿਆਵਾਂ ਹੱਲ ਕਰਨੋਂ ਅਸਮਰੱਥ, ਗਲੇ-ਸੜੇ ਪੂੰਜੀਵਾਦੀ ਨਿਜ਼ਾਮ ਤੋਂ ਮੁਕਤੀ ਹਾਸਲ ਕਰਕੇ ਲੋਕਾਂ ਨੂੰ ਗੁਰੂਆਂ-ਪੀਰਾਂ, ਗ਼ਦਰੀ ਸੂਰਬੀਰਾਂ ਤੇ ਸ਼ਹੀਦ-ਇ-ਆਜ਼ਮ ਭਗਤ ਸਿੰਘ ਦੇ ਸੁਪਨਿਆਂ ਦਾ ਸਮਾਜਵਾਦੀ ਸਮਾਜ ਸਿਰਜਣ ਲਈ ਜੂਝਣ ਦੀ ਪੁਖ਼ਤਾ ਤਿਆਰੀ ਕਰਨ ਦੀ ਅਪੀਲ ਵੀ ਕੀਤੀ ਜਾਵੇਗੀ।



# ਵਕੀਲਾਂ ਵੱਲੋਂ ਅਮਿਤ ਸ਼ਾਹ ਖਿਲਾਫ ਵਿਰੋਧ ਪ੍ਰਦਰਸ਼ਨ



**ਆਦਮਪੁਰ (ਪਰਮਜੀਤ ਸਿੰਘ)**

ਬੀਤੇ ਦਿਨ ਵਕੀਲਾਂ ਦੇ ਵਫਦ ਵੱਲੋਂ ਡਾਕਟਰ ਬਾਬਾ ਸਾਹਿਬ ਬੀ.ਆਰ.ਅੰਬੇਡਕਰ ਦੀ ਪ੍ਰਤਿਮਾ ਦੇ ਅੱਗੇ ਅਮਿਤ ਸ਼ਾਹ ਗ੍ਰਹਿ ਮੰਤਰੀ ਭਾਰਤ ਸਰਕਾਰ ਵੱਲੋਂ ਪਾਰਲੀਮੈਂਟ ਵਿੱਚ ਬਾਬਾ ਸਾਹਿਬ ਬੀ ਆਰ ਅੰਬੇਡਕਰ ਦੇ ਖਿਲਾਫ ਬੋਲੀ ਗਈ ਸ਼ਬਦਾਵਲੀ ਦੇ ਰੋਸ ਵਜੋਂ ਸ਼ਾਂਤੀਪੂਰਵਕ ਰੋਸ ਪ੍ਰਦਰਸ਼ਨ ਕੀਤਾ ਗਿਆ। ਡਾ. ਬਾਬਾ ਸਾਹਿਬ ਅੰਬੇਡਕਰ ਦੇ ਪ੍ਰਤਿਮਾ ਅੱਗੇ ਫੁੱਲ ਭੇਟ ਕੀਤੇ ਗਏ। ਅੱਜ ਬਾਬਾ ਸਾਹਿਬ ਦੀਆਂ ਕੁਰਬਾਨੀਆਂ ਯਾਦ ਕਰਦੇ ਹੋਏ ਉਨ੍ਹਾਂ ਨੂੰ ਫੁੱਲ ਅਰਪਿਤ ਕੀਤੇ, ਉਨ੍ਹਾਂ ਦੀਆਂ ਭਾਰਤ ਦੇਸ਼ ਲਈ ਦਿੱਤੀਆਂ ਕੁਰਬਾਨੀਆਂ ਨੂੰ ਯਾਦ ਕੀਤਾ ਅਤੇ ਸਮਾਜ ਨੂੰ ਇਹੋ ਸੰਦੇਸ਼ ਹੈ ਕਿ ਬਾਬਾ ਸਾਹਿਬ ਅੰਬੇਡਕਰ ਜੀ ਦੀ ਸੋਚ ਖਿਲਾਫ ਉਠਦੀ ਹਰ ਅਵਾਜ਼ ਦੇਰ-ਸਵੇਰ ਦਬਾਅ ਦਿੱਤੀ ਜਾਵੇਗੀ। ਕਿਉਂਕਿ ਅੰਤ ਜਿੱਤ ਸਦਾ ਸੱਚਾਈ ਦੀ ਹੀ ਹੁੰਦੀ ਹੈ ਨਫਰਤ ਹਮੇਸ਼ਾ ਹਾਰੀ ਹੈ। ਐਡਵੋਕੇਟ ਕੁਲਦੀਪ ਭੱਟੀ, ਐਡਵੋਕੇਟ ਯੁਵਰਾਜ ਸਿੰਘ, ਐਡਵੋਕੇਟ ਕਰਨਬੀਰ ਸਿੰਘ ਬਾਠ ,ਐਡਵੋਕੇਟ ਦਲੀਪ ਕੁਮਾਰ,ਐਡਵੋਕੇਟ ਤਜਿੰਦਰ ਬੱਧਨ, ਐਡਵੋਕੇਟ ਸੰਗੀਤਾ ਸੋਨੀ ਸਰਪੰਚ,ਐਡਵੋਕੇਟ ਮਨਵੀਰ ਕੌਰ, ਐਡਵੋਕੇਟ ਅੰਜਲੀ ਵਿਰਦੀ, ਐਡਵੋਕੇਟ ਗੁਰਜੀਤ ਸਿੰਘ ਕਾਹਲੋਂ, ਐਡਵੋਕੇਟ ਅਨੁਭਵ ਕਪਾਹੀ,ਐਡਵੋਕੇਟ ਤਰਨਜੀਤ ਕੌਰ, ਐਡਵੋਕੇਟ ਧੀਰਜ ਕੁਮਾਰ, ਐਡਵੋਕੇਟ ਤਲਵਿੰਦਰ ਕੁਮਾਰ ਮਹਿਮੀ,ਐਡਵੋਕੇਟ ਕਰਨ ਕੁਮਾਰ ਰਾਏ, ਸੋਨਮ, ਐਡਵੋਕੇਟ ਕੁਲਦੀਪ ਕੌਰ, ਐਡਵੋਕੇਟ ਮਮਤਾ, ਐਡਵੋਕੇਟ ਰੂਬਲ ਅਤੇ ਹੋਰ ਖਾਸ ਤੌਰ 'ਤੇ ਹਾਜ਼ਰ ਰਹੇ।

# ਨਗਰ ਕੌਂਸਲ ਚੋਣਾਂ 'ਚ ਦਿੱਗਜ਼ ਚੋਣ ਹਾਰੇ

**ਭੋਗਪੁਰ (ਕੁਲਵੀਰ ਸਿੰਘ ਕਾਹਲੋਂ)**

ਨਗਰ ਕੌਂਸਲ ਭੋਗਪੁਰ ਦੀਆਂ ਚੋਣਾਂ ਵਿੱਚ ਆਪਣੀ ਜਿੱਤ ਦੇ ਵੱਡੇ ਦਾਅਵੇ ਕਰਨ ਵਾਲੇ ਕਈ ਦਿੱਗਜ ਨੇਤਾਵਾਂ ਦਾ ਵੋਟਰਾਂ ਨੇ ਹੰਕਾਰ ਭੰਨ ਦਿੱਤਾ ਤੇ ਅੰਤ ਇਹ ਸਾਬਤ ਹੋ ਗਿਆ ਕਿ ਲੋਕਤੰਤਰ ਵਿੱਚ ਵੋਟ ਤੋਂ ਵੱਡੀ ਕੋਈ ਤਾਕਤ ਨਹੀਂ। ਲੋਕਤੰਤਰਕ ਢਾਂਚੇ ਵਿੱਚ ਵੋਟਰਾਂ ਨੇ ਆਪਣੀ ਵੋਟ ਦਾ ਸਹੀ ਇਸਤੇਮਾਲ ਕਰਦੇ ਹੋਏ ਸੱਤਾ ਦੇ ਭੁੱਖੇ ਲੋਕਾਂ ਨੂੰ ਇਹ ਸਬਕ ਸਿਖਾ ਦਿੱਤਾ ਕਿ ਲੋਕਤੰਤਰ ਢਾਂਚੇ ਵਿੱਚ ਵੋਟ ਦਾ ਕੋਈ ਵੀ ਤੋੜ ਨਹੀਂ। ਬੇਸ਼ੱਕ ਇਹਨਾਂ ਚੋਣਾਂ ਵਿੱਚ ਆਪਣੀ ਆਪਣੀ ਜਿੱਤ ਲਈ ਉਮੀਦਵਾਰਾਂ ਵੱਲੋਂ ਵੱਖ-ਵੱਖ ਹੱਥਕੰਡੇ ਅਪਣਾਏ ਗਏ ਪਰ ਇਹਨਾਂ ਸਾਰਿਆਂ ਨੂੰ ਵੋਟਰਾਂ ਨੇ ਸਿਰੇ ਤੋਂ ਨਕਾਰ ਕੇ ਆਪਣੀ ਵੋਟ ਦੇ ਸਹੀ ਇਸਤੇਮਾਲ ਨਾਲ ਸਭ ਭਰਮ ਭੁਲੇਖਿਆਂ ਨੂੰ ਦੂਰ ਕਰ ਦਿੱਤਾ ਤੇ ਅੰਤ ਇਹ ਸਾਬਤ ਕਰ ਦਿੱਤਾ ਕਿ ਲੋਕਤੰਤਰ ਵਿੱਚ ਵੋਟ ਤੋਂ ਵੱਡੀ ਕੋਈ ਤਾਕਤ ਨਹੀਂ ਹੈ। ਬੇਸ਼ੱਕ ਇਹਨਾਂ ਚੋਣਾਂ ਵਿੱਚ ਵੋਟਰਾਂ ਨੂੰ ਪ੍ਰਭਾਵਿਤ ਕਰਨ ਲਈ ਚੋਣ ਲੜ ਰਹੇ ਉਮੀਦਵਾਰਾਂ ਵੱਲੋਂ ਆਰਥਿਕ ਤੌਰ 'ਤੇ ਆਪਣੀ ਸਾਰੀ ਤਾਕਤ ਝੋਕ ਦਿੱਤੀ ਗਈ ਸੀ ਪ੍ਰੰਤੂ ਇਸ ਦੇ ਬਾਵਜੂਦ ਕਈ ਦਿੱਗਜ ਨੇਤਾਵਾਂ ਨੂੰ ਇਹਨਾਂ ਚੋਣਾਂ ਵਿੱਚ ਹਾਰ ਦਾ ਸਾਹਮਣਾ ਕਰਨਾ ਪਿਆ। ਇਹਨਾਂ ਵਿੱਚ ਸਭ ਤੋਂ ਅਹਿਮ ਮੁਕਾਬਲਾ ਸਾਬਕਾ ਨਗਰ ਕੌਂਸਲ ਪ੍ਰਧਾਨ ਰਾਜ ਕੁਮਾਰ ਸਖੀਜਾ ਅਤੇ ਸੰਜੀਵ ਅਗਰਵਾਲ ਵਿਚਾਲੇ ਸੀ, ਜਿਸ ਵਿੱਚ ਸੰਜੀਵ ਅਗਰਵਾਲ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ। ਸੰਜੀਵ ਅਗਰਵਾਲ ਦੀ ਪਤਨੀ ਮੰਜੂ ਅਗਰਵਾਲ ਪਿਛਲੀ ਨਗਰ ਕੌਂਸਲ ਦੇ ਪ੍ਰਧਾਨ ਰਹੇ ਅਤੇ ਮੰਜੂ ਅਗਰਵਾਲ ਨੂੰ ਵੀ ਇਸ ਵਾਰ ਹਾਰ ਦਾ ਸਾਹਮਣਾ ਕਰਨਾ ਪਿਆ। ਆਮ ਆਦਮੀ ਪਾਰਟੀ ਦੇ ਹਲਕਾ ਆਦਮਪੁਰ ਦੇ ਇੰਚਾਰਜ ਜੀਤ ਲਾਲ ਦੀ ਪਤਨੀ ਉਰਮਿਲਾ ਭੱਟੀ ਨੂੰ ਵੀ ਇਸ ਵਾਰ ਹਾਰ ਦਾ ਸਾਹਮਣਾ ਕਰਨਾ ਪਿਆ ਜਦਕਿ ਉਹ ਪਿਛਲੀ ਵਾਰ ਕੌਂਸਲਰ ਚੁਣੇ ਗਏ ਸਨ। ਨਗਰ ਕੌਂਸਲ ਚੋਣਾਂ ਵਿੱਚ ਕਦੇ ਵੀ ਨਾ ਹਾਰਨ ਵਾਲੀ ਵਿਦਵੰਤ ਕੌਰ ਬੇਸ਼ੱਕ ਇਸ ਵਾਰ ਚੋਣ ਨਹੀਂ ਲੜੇ ਪਰ ਉਨ੍ਹਾਂ ਦੇ ਪੁੱਤਰ ਮਨਮੀਤ ਸਿੰਘ ਵਿੱਕੀ ਨੂੰ ਇਸ ਵਾਰ ਹਾਰ ਦਾ ਸਾਹਮਣਾ ਕਰਨਾ ਪਿਆ। ਇਸ ਤੋਂ ਇਲਾਵਾ ਕਈ ਹੋਰ ਵਾਰਡਾਂ ਵਿੱਚ ਵੀ ਜਿੱਤ ਦਾ ਦਾਅਵਾ ਕਰਨ ਵਾਲੇ ਉਮੀਦਵਾਰਾਂ ਨੂੰ ਸ਼ਰਮਨਾਕ ਹਾਰ ਦਾ ਸਾਹਮਣਾ ਕਰਨਾ ਪਿਆ। ਇਨ੍ਹਾਂ ਚੋਣ ਨਤੀਜਿਆਂ ਤੋਂ ਇੱਕ ਵਾਰ ਇਹ ਫਿਰ ਤੋਂ ਸਾਬਤ ਹੋ ਗਿਆ ਹੈ ਕਿ ਵੋਟਰਾਂ ਦੇ ਦਿਲ ਜਿੱਤਣ ਲਈ ਵੋਟਰਾਂ ਤੱਕ ਦਿਲੀ ਪਹੁੰਚ ਬਣਾਉਣੀ ਬਹੁਤ ਜ਼ਰੂਰੀ ਹੈ ਜਿਸ ਤੋਂ ਕਈ ਚੋਣ ਲੜਨ ਵਾਲੇ ਉਮੀਦਵਾਰ ਦੂਰ ਰਹਿ ਗਏ।



# ਬਸਪਾ ਦਾ ਦੇਸ਼-ਵਿਆਪੀ ਅੰਦੋਲਨ ਮੀਲ ਪੱਥਰ ਸਾਬਤ ਹੋਵੇਗਾ : ਚੌਹਾਨ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**

ਭਾਰਤੀ ਜਨਤਾ ਪਾਰਟੀ ਦੇ ਅਮਿਤ ਸ਼ਾਹ ਵੱਲੋਂ ਭਾਰਤੀ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾਕਟਰ ਅੰਬੇਡਕਰ ਖਿਲਾਫ ਕੀਤੀ ਟਿੱਪਣੀ ਨੇ ਬਾਬਾ ਸਾਹਿਬ ਨੂੰ ਮੰਨਣ ਵਾਲੇ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ, ਜਿਸ ਦਾ ਬਹੁਜਨ ਸਮਾਜ ਪਾਰਟੀ ਦੀ ਰਾਸ਼ਟਰੀ ਪ੍ਰਧਾਨ ਤੇ ਸਾਬਕਾ ਮੁੱਖ ਮੰਤਰੀ ਉੱਤਰ ਪ੍ਰਦੇਸ਼ ਭੈਣ ਕੁਮਾਰੀ ਮਾਇਆਵਤੀ ਨੇ ਬਾਬਾ ਸਾਹਿਬ ਦੇ ਸਤਿਕਾਰ ਨੂੰ ਧਿਆਨ ਵਿੱਚ ਰੱਖਦੇ ਹੋਏ 24 ਦਸੰਬਰ ਨੂੰ ਦੇਸ਼ ਵਿਆਪੀ ਜ਼ਿਲ੍ਹਾ ਪੱਧਰੀ ਅੰਦੋਲਨ ਦਾ ਐਲਾਨ ਕੀਤਾ ਹੈ। ਜਿਸ ਨੂੰ ਕਾਮਯਾਬ ਬਣਾਉਣ ਲਈ ਬਸਪਾ ਦੇ ਸਾਬਕਾ ਇੰਚਾਰਜ ਮੱਖਣ ਨਾਲ ਚੌਹਾਨ ਨੇ ਅਲੱਗ ਅਲੱਗ ਪਿੰਡਾਂ, ਕਸਬਿਆਂ ਵਿੱਚ ਜਾ ਕੇ ਸਮਰਥਕਾਂ ਨੂੰ ਇਸ ਅੰਦੋਲਨ ਨੂੰ ਕਾਮਯਾਬ ਬਣਾਉਣ ਲਈ ਨੁੱਕੜ ਮੀਟਿੰਗਾਂ ਕੀਤੀਆਂ। ਇਸ ਅੰਦੋਲਨ ਨਾਲ ਬਹੁਜਨ ਸਮਾਜ ਵਿੱਚ ਇੱਕ ਨਵੀਂ ਚੇਤਨਤਾ ਪੈਦਾ ਹੋਵੇਗੀ। ਜਿੱਥੇ ਵਰਕਰਾਂ ਵਿੱਚ ਇਸ ਅੰਦੋਲਨ ਨੂੰ ਕਾਮਯਾਬ ਬਣਾਉਣ ਲਈ ਭਾਰੀ ਉਤਸ਼ਾਹ ਹੈ, ਉਥੇ ਭਾਜਪਾ ਦੇ ਅਮਿਤ ਸ਼ਾਹ ਖਿਲਾਫ ਭਾਰੀ ਗੁੱਸਾ ਪਾਇਆ ਜਾ ਰਿਹਾ ਹੈ। ਇਸ ਮੌਕੇ ਗੁਰਨਾਮ ਸਿੰਘ ਬੰਗੜ, ਸਰਜੀਤ ਕਰੀਮਪੁਰੀ, ਜਸਵਿੰਦਰ ਮਹਿਮੀ, ਸੰਦੀਪ, ਸੁਰਜੀਤ ਨਵਾਂਸ਼ਹਿਰ, ਦੀਪਕ ਰਾਜ ਨਵਾਂਸ਼ਹਿਰ, ਗੁਰਵਿੰਦਰ ਜਾਡਲਾ, ਅਵਤਾਰ ਸਿੰਘ ਆਲੋਆਲ, ਸਤਪਾਲ, ਚਰਨਜੀਤ ਸਿੰਘ ਆਦਿ ਹਾਜ਼ਰ ਰਹੇ।



# ਏਕ ਨੂਰ ਸਵੈ-ਸੇਵੀ ਸੰਸਥਾ ਪਠਲਾਵਾ ਦੀ ਇਕ ਅਹਿਮ ਮੀਟਿੰਗ

**ਬੰਗਾ (ਅਵਤਾਰ ਕਲੇਰ)**

ਏਕ ਨੂਰ ਸਵੈ ਸੇਵੀ ਸੰਸਥਾ ਪਠਲਾਵਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਇਕ ਅਹਿਮ ਮੀਟਿੰਗ ਸੰਸਥਾ ਦੇ ਚੇਅਰਮੈਨ ਇੰਦਰਜੀਤ ਸਿੰਘ ਵਾਰੀਆ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ 'ਚ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਵਰਤਮਾਨ ਨਾਜ਼ੁਕ ਸਿਹਤ 'ਤੇ ਚਿੰਤਾ ਜ਼ਾਹਰ ਕਰਦਿਆਂ ਇੰਦਰਜੀਤ ਸਿੰਘ ਵਾਰੀਆ, ਉਪ ਚੇਅਰਮੈਨ ਤਰਲੋਚਨ ਸਿੰਘ ਵਾਰੀਆ, ਸਰਪ੍ਰਸਤ ਬਲਵੀਰ ਸਿੰਘ ਸਾਬਕਾ ਆਰਮੀ, ਜਥੇਦਾਰ ਸਵਰਨਜੀਤ ਸਿੰਘ ਪਠਲਾਵਾ, ਜਨਰਲ ਸਕੱਤਰ ਮਾ. ਤਰਲੋਚਨ ਸਿੰਘ ਪਠਲਾਵਾ, ਲੈਕਚਰਾਰ ਤਰਸੇਮ ਪਠਲਾਵਾ ਅਤੇ ਪ੍ਰਧਾਨ ਪਰਮਜੀਤ ਸਿੰਘ ਸੂਰਾਪੁਰ ਨੇ ਇਕ ਸਾਂਝੇ ਬਿਆਨ ਵਿਚ ਬੋਲਦਿਆਂ ਆਖਿਆ ਕਿ ਕਿਸਾਨਾਂ ਦੀਆਂ ਹੱਕੀ ਮੰਗਾਂ ਨੂੰ ਲੈ ਕੇ 26 ਨਵੰਬਰ ਤੋਂ ਭੁੱਖ ਹੜਤਾਲ 'ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਸਿਹਤ ਬੇਹੱਦ ਨਾਜ਼ੁਕ ਬਣੀ ਹੋਈ ਹੈ। ਇਸ ਲਈ ਕੇਂਦਰ ਅਤੇ ਪੰਜਾਬ ਦੀ ਸਰਕਾਰ ਨੂੰ ਤੁਰੰਤ ਕਿਸਾਨਾਂ ਦੀਆਂ ਹੱਕੀ ਮੰਗਾਂ ਨੂੰ ਪ੍ਰਵਾਨ ਕਰਨਾ ਚਾਹੀਦਾ ਹੈ। ਦੁੱਖ ਇਸ ਗੱਲ ਦਾ ਹੈ ਕਿ ਦੋਨੋਂ ਸਰਕਾਰਾਂ ਕਿਸਾਨੀ ਮਸਲਿਆਂ 'ਤੇ ਗੰਭੀਰ ਨਹੀਂ ਹਨ। ਉਹਨਾਂ ਕਿਹਾ ਕਿ ਜੇਕਰ ਜਗਜੀਤ ਸਿੰਘ ਡੱਲੇਵਾਲ ਦੀ ਸਿਹਤ ਦਾ ਨੁਕਸਾਨ ਹੁੰਦਾ ਹੈ ਤਾਂ ਇਸ ਨਾਲ ਪੰਜਾਬ ਸਮੇਤ ਪੂਰੇ ਦੇਸ਼ ਦੇ ਕਿਸਾਨਾਂ ਵਿਚ ਬਹੁਤ ਵੱਡਾ ਰੋਹ ਪੈਦਾ ਹੋ ਜਾਵੇਗਾ। ਜਿਸ ਦਾ ਦੇਸ਼ ਦੀ ਕਾਨੂੰਨ ਵਿਵਸਥਾ 'ਤੇ ਵੀ ਬੁਰਾ ਅਸਰ ਪੈ ਸਕਦਾ ਹੈ। ਇਸ ਲਈ ਮੌਕੇ ਦੀਆਂ ਹਾਕਮ ਸਰਕਾਰਾਂ ਨੂੰ ਦੇਸ਼ ਦੇ ਅੰਨਦਾਤਾ ਕਿਸਾਨਾਂ ਦੀਆਂ ਹੱਕੀ ਮੰਗਾਂ ਨੂੰ ਮੰਨ ਲੈਣਾ ਚਾਹੀਦਾ ਹੈ। ਇਸ ਮੌਕੇ ਆਤਮਾ ਸਿੰਘ ਸੂਰਾਪੁਰ, ਪ੍ਰੋ. ਚਰਨਜੀਤ ਸਿੰਘ ਪੋਸੀ, ਬਲਵੀਰ ਸਿੰਘ ਯੂ ਕੇ, ਅਮਰਜੀਤ ਸਿੰਘ ਸੂਰਾਪੁਰ, ਸੰਦੀਪ ਕੁਮਾਰ ਗੌੜ, ਮਾ. ਰਮੇਸ਼ ਕੁਮਾਰ ਪਠਲਾਵਾ, ਹਰਜੀਤ ਸਿੰਘ ਜੀਤਾ, ਮਾ. ਸੁਰਿੰਦਰ ਸਿੰਘ ਕਰਮ, ਚੰਨੀ ਪਠਲਾਵਾ, ਸਤੀਸ਼ ਕੁਮਾਰ ਐਮਾ ਜੱਟਾਂ, ਡਾ. ਕੁਲਦੀਪ ਰਾਜ ਬੰਗਾ, ਰਜਿੰਦਰ ਸਿੰਘ ਆਦਿ ਹਾਜ਼ਰ ਸਨ।



# ਲਾਚੋਵਾਲ 'ਚ ਨੌਜਵਾਨ, ਕਿਸਾਨ-ਮਜ਼ਦੂਰ ਭਲਾਈ ਸੁਸਾਇਟੀ ਦੀ ਮੀਟਿੰਗ

**ਅੱਡਾ ਸਰਾਂ (ਜਸਵੀਰ ਕਾਜਲ)**

ਨੌਜਵਾਨ ਕਿਸਾਨ ਮਜ਼ਦੂਰ ਭਲਾਈ ਜਥੇਬੰਦੀ ਦੀ ਮੀਟਿੰਗ ਲਾਚੋਵਾਲ ਦਫ਼ਤਰ ਵਿਖੇ ਜਥੇਬੰਦੀ ਦੇ ਸੂਬਾ ਪ੍ਰਧਾਨ ਉਂਕਾਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿਚ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਨਾਲ ਲਗਾਤਾਰ ਧੱਕੇਸ਼ਾਹੀ, ਮਤਰੇਈ ਮਾਂ ਵਾਲਾ ਸਲੂਕ ਅਤੇ ਗੱਲਬਾਤ ਤੋਂ ਆਨਾਕਾਨੀ, ਜਗਜੀਤ ਸਿੰਘ ਡੱਲੇਵਾਲ ਪ੍ਰਤੀ ਲਾਪਰਵਾਹੀ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ। ਪੰਜਾਬ ਸਰਕਾਰ ਖ਼ਿਲਾਫ਼ ਵੀ ਕਿਸਾਨ ਲੀਡਰਾਂ ਨੇ ਲਾਪਰਵਾਹੀ ਦਾ ਦੋਸ਼ ਲਾਇਆ। ਜਿਸ ਤਰ੍ਹਾਂ ਕਿਸਾਨੀ ਬਰਬਾਦ ਕਰਨ ਦੀਆਂ ਤਰਕੀਬਾਂ ਮੋਦੀ ਸਰਕਾਰ ਬਣਾ ਰਹੀ ਹੈ, ਸਿਰਫ਼ ਅਮੀਰਾਂ ਤੱਕ ਸੀਮਤ ਹੋ ਕੇ ਰਹਿ ਗਈ ਹੈ। ਕੇਂਦਰ ਸਰਕਾਰ ਵੱਲੋਂ ਗਰੀਬ ਵਰਗ ਨਾਲ਼ ਲਾਰੇ ਵਾਲਾ ਵਤੀਰਾ ਘਾਤਕ ਸਿੱਧ ਹੋ ਰਿਹਾ ਹੈ। ਧਾਮੀ ਨੇ ਕਿਹਾ ਦੇਸ਼ ਦਾ ਅੰਨਦਾਤਾ ਕਹਾਉਣ ਵਾਲਾ ਕਿਸਾਨ ਇਹ ਪੁੱਛਦਾ ਹੈ ਕਿ ਬੀ ਜੇ ਪੀ ਵਿਚ ਪੰਜਾਬ ਦੇ ਲੀਡਰ ਜਿਹੜੇ ਸ਼ਾਮਲ ਹਨ ਕੀ ਚੋਣਾਂ ਪੰਜਾਬ ਤੋਂ ਬਾਹਰ ਜਾ ਕੇ ਲੜਨਗੇ। ਤੁਸੀਂ ਇਥੇ ਪਿੰਡਾਂ ਵਿਚ ਆਉਣਾ ਹੈ ਕੀ ਜਵਾਬ ਹੈ ਤੁਹਾਡੇ ਕੋਲ਼। ਇਸ ਮੌਕੇ ਬਾਬਾ ਦਵਿੰਦਰ ਸਿੰਘ ਬੂਰੇ ਜੱਟਾਂ, ਨਿਹੰਗ ਯੁਵਰਾਜ ਸਿੰਘ, ਰਾਮ ਸਿੰਘ ਧੁੱਗਾ, ਬਾਬਾ ਬੂਆ ਸਿੰਘ, ਮਹਿੰਦਰ ਸਿੰਘ ਲਾਚੋਵਾਲ, ਇਕਬਾਲ ਸਿੰਘ ਹਰਿਆਣਾ, ਡਾਕਟਰ ਪਰਮਿੰਦਰ ਸਿੰਘ ਹਰਿਆਣਾ, ਪਰਮਿੰਦਰ ਸਿੰਘ ਪਨੇਸਰ, ਕੁਲਦੀਪ ਸਿੰਘ ਨੰਦਾਚੌਰ, ਬਲਵੀਰ ਸਿੰਘ ਬੁੱਲ੍ਹੋਵਾਲ, ਨਿਰਮਲ ਸਿੰਘ ਨੂਰਪੁਰ, ਹਰਭਜਨ ਸਿੰਘ ਗੁਰਾਇਆ, ਸੁਰਿੰਦਰ ਪਾਲ ਸਿੰਘ ਸੋਤਲਾ, ਗੁਰਪ੍ਰੀਤ ਸਿੰਘ ਗੈਪੀ, ਤੀਰਥ ਸਿੰਘ ਨੰਬਰਦਾਰ ਸਤੌਰ, ਮਲਕੀਤ ਸਿੰਘ ਆਲੋਵਾਲ ਅਤੇ ਹੋਰ ਕਿਸਾਨ ਆਗੂ ਸ਼ਾਮਲ ਸਨ।



# ਦੋਆਬਾ ਪਬਲਿਕ ਸਕੂਲ 'ਚ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ

**ਮਾਹਿਲਪੁਰ (ਸ.ਫਰੀ)**

ਦੋਆਬਾ ਪਬਲਿਕ ਸਕੂਲ, ਦੋਹਲਰੋਂ-ਮਾਹਿਲਪੁਰ ਨੇ ਮੈਨੇਜਿੰਗ ਡਾਇਰੈਕਟਰ ਹਰਜਿੰਦਰ ਸਿੰਘ ਦੀ ਅਗਵਾਈ ਹੇਠ ਅੱਜ ਸ਼ਹੀਦੀ ਦਿਹਾੜੇ ਦੇ ਪਾਵਨ ਮੌਕੇ 'ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਕਿਰਪਾ ਨਾਲ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ। ਇਸ ਆਤਮਿਕ ਸਮਾਗਮ ਦਾ ਮੰਤਵ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਯਾਦ ਕਰਦੇ ਹੋਏ ਵਿਦਿਆਰਥੀਆਂ ਅਤੇ ਸਟਾਫ ਵਿੱਚ ਆਧਿਆਤਮਿਕਤਾ ਅਤੇ ਸਦਗੁਣਾਂ ਦੀ ਪ੍ਰੇਰਨਾ ਜਗਾਉਣਾ ਸੀ। ਪ੍ਰਿੰਸੀਪਲ ਅਰੁਣ ਗੁਪਤਾ ਨੇ ਇਸ ਮੌਕੇ ਤੇ ਦੱਸਿਆ ਕਿ, ਦੋਆਬਾ ਪਬਲਿਕ ਸਕੂਲ ਦੁਆਰਾ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਗੁਰੂ ਸਾਹਿਬ ਦੇ ਸਾਹਿਬਜ਼ਾਦਿਆਂ ਦੀ ਅਨੰਤ ਸ਼ਹੀਦੀ ਨੂੰ ਸਤਿਕਾਰ ਸਹਿਤ ਯਾਦ ਕੀਤਾ ਗਿਆ। ਸਮਾਗਮ ਦੇ ਦੌਰਾਨ ਵਿਦਿਆਰਥੀਆਂ ਨੇ ਸ਼ਬਦ ਤੋਂ ਇਲਾਵਾ ਕਵਿਤਾਵਾਂ, ਵਾਰਾਂ ਅਤੇ ਘੋੜੀਆਂ ਰਾਹੀਂ ਸਾਹਿਬਜ਼ਾਦਿਆਂ ਦੇ ਬਲਿਦਾਨਾਂ ਨੂੰ ਯਾਦ ਕੀਤਾ। ਇਸ ਮੌਕੇ ਵਿਦਿਆਰਥੀਆਂ ਨੂੰ ਸ਼ਹੀਦੀ ਦਿਹਾੜੇ ਦੇ ਇਤਿਹਾਸ ਨਾਲ ਜਾਣੂ ਕਰਵਾਉਣ ਲਈ ਵਿਸ਼ੇਸ਼ ਲੈਕਚਰ ਵੀ ਦਿੱਤੇ ਗਏ। ਭੋਗ ਤੋਂ ਬਾਅਦ ਸਮੂਹ ਸਟਾਫ ਅਤੇ ਵਿਦਿਆਰਥੀਆਂ ਲਈ ਗਰਮ ਦੁੱਧ ਦਾ ਲੰਗਰ ਅਤੁੱਟ ਵਰਤਾਇਆ ਗਿਆ। ਸਕੂਲ ਪਵਿੱਤਰ ਗੁਰਬਾਣੀ ਦੇ ਪਾਠ ਨਾਲ ਮੋਹਕ ਅਤੇ ਸ਼ਾਂਤਮਈ ਹੋ ਗਿਆ। ਸਮਾਰੋਹ ਵਿੱਚ ਸਮੂਹ ਸਟਾਫ ਨੇ ਹਾਜ਼ਰੀ ਭਰੀ ਅਤੇ ਗੁਰਬਾਣੀ ਦੀ ਰੋਸ਼ਨੀ ਹੇਠ ਵਿਦਿਆਰਥੀਆਂ ਨੂੰ ਜੀਵਨ ਦੇ ਉੱਚ ਸਿਧਾਂਤਾਂ 'ਤੇ ਚੱਲਣ ਦੀ ਪ੍ਰੇਰਨਾ ਦਿੱਤੀ।



# ਪੰਜਾਬ ਪੈਨਸ਼ਨ ਯੂਨੀਅਨ ਦੀ ਮੀਟਿੰਗ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**

ਪੰਜਾਬ ਪੈਨਸ਼ਨ ਯੂਨੀਅਨ ਦੀ ਮੀਟਿੰਗ ਨਵਾਂਸ਼ਹਿਰ ਵਿਖੇ ਕਾ. ਸ਼ਹੀਦ ਮਲਕੀਅਤ ਚੰਦ ਮੇਹਲੀ ਭਵਨ ਵਿਖੇ ਕਾ. ਮਲਕੀਅਤ ਸਿੰਘ ਐਡਮਿੰਟਨ ਦੀ ਪ੍ਰਧਾਨਗੀ ਹੇਠ ਹੋਈ। ਜਥੇਬੰਦੀ ਦੀ ਮਲਕੀਅਤ ਚੰਦ ਮੇਹਲੀ ਭਵਨ ਬੰਗਾ ਰੋਡ ਨਵਾਂਸ਼ਹਿਰ ਦੇ ਆਗੂ ਜਸਵਿੰਦਰ ਸਿੰਘ ਭੰਗਲ, ਪੈਨਸ਼ਨ ਯੂਨੀਅਨ ਆਗੂ ਜਗਤਾਰ ਸਿੰਘ, ਸੁਰਜੀਤ ਸਿੰਘ ਮੋਹਨ ਸਿੰਘ, ਪੇਮ ਕੁਮਾਰ, ਦਸੌਂਧਾ ਸਿੰਘ, ਸੁਖਦੇਵ ਗੁਰਮੇਲ ਸਿੰਘ, ਰਾਕੇਸ਼ ਸ਼ਰਮਾ ਸ਼ਾਮਲ ਹੋਏ। ਇਸ ਮੌਕੇ ਪੰਜਾਬ ਸਰਕਾਰ ਦੀਆ ਮੁਲਾਜ਼ਮ ਮਾਰੂ ਨੀਤੀਆਂ ਸਬੰਧੀ ਨਿਖੇਧੀ ਕੀਤੀ ਗਈ। ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ। ਪੰਜਾਬ ਸਰਕਾਰ ਪੁਰਾਣੀ ਪੈਨਸ਼ਨ ਲਾਗੂ ਕਰਨ ਤੋਂ ਭੱਜ ਰਹੀ ਹੈ ਅਤੇ ਆਊਟ ਸੋਰਸਸ ਰਾਹੀਂ ਭਰਤੀ ਕਰ ਰਹੀ ਹੈ। ਕਿਰਤ ਕਾਨੂੰਨ ਦੀ ਅਣਦੇਖੀ ਕਰਕੇ ਮੁਲਾਜ਼ਮਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਉਨ੍ਹਾ ਨੇ ਕਿਹਾ ਕਿ ਮੋਗਾ ਵਿਖੇ ਪੈਨਸ਼ਨਰਜ਼ ਡੇ ਬੜੀ ਧੂਮਧਾਮ ਨੀਲ ਮਨਾਇਆ ਜਾ ਰਿਹਾ ਹੈ। ਸਾਰਿਆਂ ਨੂੰ ਹੁੰਮ-ਹੁਮਾ ਕੇ ਪੁੱਜਣ ਦੀ ਅਪੀਲ ਕੀਤੀ ਗਈ।

# ਰੂਬਲ ਸੰਧੂ ਆਪਣੇ ਨਵੇਂ ਗੀਤ ਨਾਲ ਜਲੰਧਰ ਦੂਰਦਰਸ਼ਨ 'ਤੇ

**ਕਾਲਾ ਸੰਘਿਆਂ (ਮਨਜੀਤ ਮਾਨ)**

ਹੈਲੋ ਹੈਲੋ 2025 ਰੰਗਾਰੰਗ ਪ੍ਰੋਗਰਾਮ ਦੇ ਨਿਰਦੇਸ਼ਕ ਅਮਰੀਕ ਮਾਇਕਲ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਗਾਇਕਾ ਰੂਬਲ ਸੰਧੂ ਆਪਣਾ ਨਵਾਂ ਗੀਤ 'ਜ਼ੋਰ ਸੱਜਣਾ' ਪ੍ਰੋਗਰਾਮ ਹੈਲੋ ਹੈਲੋ 2025 ਵਿਚ ਲੈ ਕੇ ਪੇਸ਼ ਹੋਣਗ। ਇਸ ਗੀਤ ਨੂੰ ਕਲਮਬੱਧ ਕੀਤਾ ਰਾਜੀ ਬਾਲੋਂ ਅਤੇ ਮਲਕੀਤ ਸਿੰਘ ਜੋਸਨ ਨੇ, ਕੰਪੋਜੀਸ਼ਨ ਸਾਹਿਲ ਚੌਹਾਨ ਵੱਲੋਂ ਤਿਆਰ ਕੀਤੀ ਗਈ ਹੈ ਅਤੇ ਮਿਊਜ਼ਿਕ ਹਰਿ ਅਮਿਤ ਵੱਲੋਂ ਤਿਆਰ ਕੀਤਾ ਗਿਆ ਹੈ। ਗਾਇਕ ਅਤੇ ਨਿਰਦੇਸ਼ਕ ਅਮਰੀਕ ਮਾਇਕਲ ਨੇ ਦੱਸਿਆ ਕਿ ਰੂਬਲ ਸੰਧੂ ਮਹਿਮ ਸੁਪਰਸਟਾਰ ਕਲਾਕਾਰ ਸਵ. ਰੋਮੀ ਗਿੱਲ ਦੀ ਭਾਣਜੀ ਅਤੇ ਚੰਨ ਸ਼ਾਹਕੋਟੀ ਦੀ ਬੇਟੀ ਹੈ। ਰੂਬਲ ਸੰਧੂ ਮਹਿਮ ਦੀ ਮਾਤਾ ਨੇ ਵੀ ਉਸਤਾਦ ਜਨਾਬ ਸੁਰਿੰਦਰ ਛਿੰਦਾ ਨਾਲ ਬਹੁਤ ਸਾਰੀਆਂ ਸਟੇਜਾਂ ਅਤੇ ਬਹੁਤ ਸਾਰੇ ਦੋਗਾਣੇ ਗੀਤਾਂ ਵਿਚ ਗਾਇਆ। ਅਸੀਂ ਆਪਣੇ ਆਪ ਲਈ ਬਹੁਤ ਮਾਣ ਮਹਿਸੂਸ ਕਰਦੇ ਹਾਂ ਕਿ ਰੂਬਲ ਸੰਧੂ ਮਹਿਮ ਦਾ ਸਾਰਾ ਪਰਵਾਰ ਸੰਗੀਤ ਜਗਤ ਨਾਲ ਜੁੜਿਆ ਹੋਇਆ ਹੈ। ਪ੍ਰੋਗਰਾਮ ਹੈਲੋ ਹੈਲੋ 2025 1 ਜਨਵਰੀ ਰਾਤ 8 ਵਜੇ ਤੋਂ 9 ਵਜੇ ਤੱਕ ਦੂਰਦਰਸ਼ਨ ਜਲੰਧਰ ਡੀ ਡੀ ਪੰਜਾਬੀ 'ਤੇ ਪ੍ਰਸਾਰਿਤ ਹੋਵੇਗਾ ਅਤੇ ਸ੍ਰੋਤਿਆਂ ਨੂੰ ਵੱਖ ਵੱਖ ਯੂਟਿਊਬ ਤੇ ਹੋਰ ਅਲੱਗ ਅਲੱਗ ਸੋਸ਼ਲ ਸਾਈਟਾਂ 'ਤੇ ਸੁਣਨ ਨੂੰ ਮਿਲੇਗਾ।



# ਹਰਿਆਣਾ ਬਿਜਲੀ ਵੰਡ ਨਿਗਮ ਨੂੰ ਖਪਤਕਾਰ ਨੂੰ ਨਿਗਮ ਵੱਲੋਂ 5,000 ਰੁਪਏ ਮੁਆਵਜ਼ਾ ਦੇਣ ਦੇ ਆਦੇਸ਼

**ਚੰਡੀਗੜ੍ਹ, (ਕ੍ਰਿਸ਼ਨ ਗਰਗ)**- ਹਰਿਆਣਾ ਸੇਵਾ ਅਧਿਕਾਰੀ ਕਮਿਸ਼ਨ ਨੇ ਪਾਣੀਪਤ ਵਿਚ ਉੱਤਰ ਹਰਿਆਣਾ ਬਿਜਲੀ ਵੰਡ ਨਿਗਮ (ਯੂ ਐਚ ਬੀ ਵੀ ਐਨ) ਨੂੰ ਖਪਤਕਾਰ ਬਿਮਲਾ ਨੂੰ ਨਿਗਮ ਵੱਲੋਂ ਔਸਤਨ ਬਿੱਲ ਬਣਾਉਣ ਦੇ ਕਾਰਨ ਹੋਈ ਬੇਲੋੜੀ ਦੇਰੀ ਲਈ 5,000 ਰੁਪਏ ਦਾ ਮੁਆਵਜ਼ਾ ਦੇਣ ਦੇ ਆਦੇਸ਼ ਦਿੱਤੇ ਹਨ। ਕਮਿਸ਼ਨ ਦੇ ਬੁਲਾਰੇ ਨੇ ਅੱਜ ਇਹ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸ੍ਰੀਮਤੀ ਬਿਮਲਾ ਨੇ ਮਈ, 2024 ਤੱਕ ਰੈਗੂਲਰ ਤੌਰ 'ਤੇ ਆਪਣੇ ਬਿੱਲਾਂ ਦਾ ਭੁਗਤਾਨ ਕਰਨ ਦੇ ਬਾਵਜੂਦ ਯੂ ਐਚ ਬੀ ਵੀ ਐਨ ਵੱਲੋਂ ਉਨ੍ਹਾਂ ਦੇ ਬਿਜਲੀ ਮੀਟਰ ਦੀ ਔਸਤ ਬਿਲਿੰਗ ਦੇ ਸਬੰਧ ਵਿਚ ਕਮਿਸ਼ਨ ਨਾਲ ਸੰਪਰਕ ਕੀਤਾ ਸੀ। ਉਨ੍ਹਾਂ ਦੀ ਅਪੀਲ 'ਤੇ ਨਿਗਮ ਨਿਰਧਾਰਤ ਸੱਤ ਦਿਨਾਂ ਅੰਦਰ ਸੇਵਾ ਪ੍ਰਦਾਨ ਕਰਨ ਵਿਚ ਫੇਲ੍ਹ ਰਿਹਾ, ਜਿਸ ਦੇ ਨਤੀਜੇ ਵਜੋਂ ਖਪਤਕਾਰ ਨੂੰ ਅਨੁਚਿਤ ਤੌਰ 'ਤੇ ਪ੍ਰੇਸ਼ਾਨ ਕੀਤਾ ਗਿਆ। ਇਸ ਤੋਂ ਇਲਾਵਾ ਖਪਤਕਾਰ ਨੂੰ ਸਹੀ ਬਿੱਲ ਪ੍ਰਾਪਤ ਕਰਨ ਦੀ ਥਾਂ ਜੁਲਾਈ 2023 ਤੋਂ ਜੁਲਾਈ 2024 ਤੱਕ ਲਗਭਗ ਇਕ ਸਾਲ ਲਈ ਔਸਤਨ ਬਿੱਲ ਜਾਰੀ ਕੀਤਾ ਗਿਆ। ਸ੍ਰੀਮਤੀ ਬਿਮਲਾ ਨੇ ਪਹਿਲਾਂ ਸ਼ਿਕਾਇਤ ਹੱਲ ਅਥਾਰਟੀ ਨਾਲ ਸੰਪਰਕ ਕੀਤਾ ਸੀ, ਪਰ ਇਕ ਮਹੀਨੇ ਬਾਅਦ ਵੀ ਕੋਈ ਹੱਲ ਨਾ ਹੋਣ 'ਤੇ ਉਨ੍ਹਾਂ ਦੀ ਸ਼ਿਕਾਇਤ ਬੰਦ ਕਰ ਦਿੱਤੀ ਗਈ। ਔਸਤ ਬਿਲਿੰਗ ਦੇ ਸਬੰਧ ਵਿਚ ਖਪਤਕਾਰ ਦੀ ਸ਼ਿਕਾਇਤ ਦੇ ਜਵਾਬ ਵਿਚ ਕਮਿਸ਼ਨ ਨੇ ਮਾਮਲੇ ਦੀ ਸਮੀਖਿਆ ਕੀਤੀ। ਜਾਂਚ ਵਿਚ ਇਹ ਸਪਸ਼ਟ ਹੋਇਆ ਕਿ ਯੂ ਐਚ ਬੀ ਵੀ ਐਨ ਅਧਿਕਾਰੀਆਂ ਦੀ ਉਦਾਸੀਨਤਾ ਕਾਰਨ ਖਪਤਕਾਰ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਸਬੰਧਤ ਅਧਿਕਾਰੀਆਂ ਨਾਲ ਸੁਣਵਾਈ ਤੋਂ ਬਾਅਦ ਕਮਿਸ਼ਨ ਨੇ ਯੂ ਐਚ ਬੀ ਵੀ ਐਨ ਨੂੰ ਆਦੇਸ਼ ਦਿੱਤੇ ਕਿ ਉਹ ਸ੍ਰੀਮਤੀ ਬਿਮਲਾ ਨੂੰ ਹੋਈ ਮੁਸ਼ਕਲ ਲਈ 5000 ਰੁਪਏ ਦਾ ਮੁਆਵਜ਼ਾ ਦੇਣ। ਨਿਗਮ ਨੂੰ ਆਦੇਸ਼ ਦਿੱਤੇ ਗਏ ਹਨ ਕਿ ਉਹ ਜਾਂ ਤਾਂ ਆਪਣੇ ਫੰਡ ਨਾਲ ਖਪਤਕਾਰ ਦੇ ਖਾਤੇ ਵਿਚ ਰਕਮ ਸਮਾਯੋਜਿਤ ਕਰਨ ਜਾਂ ਫਿਰ ਸਿੱਧੇ ਖਪਤਕਾਰ ਦੇ ਬੈਂਕ ਖਾਤੇ ਵਿਚ ਮੁਆਵਜ਼ੇ ਨੂੰ ਟਰਾਂਸਫਰ ਕਰਨ। ਯੂ ਐਚ ਬੀ ਵੀ ਐਨ ਦੇ ਐਕਸੀਅਨ ਨੂੰ 10 ਜਨਵਰੀ, 2025 ਤੱਕ ਕਮਿਸ਼ਨ ਨੂੰ ਪਾਲਣਾ ਰਿਪੋਰਟ ਪੇਸ਼ ਕਰਨ ਦੇ ਆਦੇਸ਼ ਦਿੱਤੇ ਹਨ।

# ਡੇਰਾ ਬਾਬਾ ਦੁੱਧਾਧਾਰੀ ਫਰਾਲਾ ਵਿਖੇ ਸੰਤਾਂ ਦਾ ਜਨਮ ਦਿਨ ਮਨਾਇਆ



**ਬੰਗਾ (ਅਵਤਾਰ ਕਲੇਰ)**

ਡੇਰਾ ਬਾਬਾ ਦੁੱਧਾਧਾਰੀ ਫਰਾਲਾ ਵਿਖੇ ਮਹੰਤ ਗੁਰਬਚਨ ਦਾਸ ਦਾ ਜਨਮ ਦਿਨ ਗੱਦੀਨਸ਼ੀਨ ਸੰਤ ਪ੍ਰੇਮ ਦਾਸ ਦੀ ਰਹਿਨੁਮਾਈ ਹੇਠ ਮਨਾਇਆ ਗਿਆ। ਇਸ ਦੋ ਦਿਨਾ ਧਾਰਮਿਕ ਸਮਾਗਮ ਦੌਰਾਨ ਪਹਿਲੇ ਦਿਨ ਫਰਾਲਾ, ਮਹੰਤ ਗੁਰਬਚਨ ਦਾਸ ਨਗਰ ਵਿਖੇ ਨਗਰ ਕੀਰਤਨ ਸਜਾਇਆ ਗਿਆ। ਦੂਸਰੇ ਦਿਨ ਡੇਰੇ ਵਿਖੇ ਕੇਕ ਕੱਟ ਕੇ ਜਨਮ ਦਿਨ ਮਨਾਇਆ ਗਿਆ। ਸੰਤ ਸੁਰਿੰਦਰ ਦਾਸ ਅਟਾਰੀ ਤੋਂ ਇਲਾਵਾ ਵੱਖ ਵੱਖ ਡੇਰਿਆਂ ਤੋਂ ਸੰਤ ਮਹਾਂਪੁਰਸ਼ਾਂ ਨੇ ਸ਼ਿਰਕਤ ਕੀਤੀ। ਪੰਜਾਬੀ ਕਲਾਕਾਰ ਮਨੀ ਮਾਨ ਤੋਂ ਇਲਾਵਾ ਹੋਰ ਵੀ ਕਲਾਕਾਰਾਂ ਨੇ ਹਾਜ਼ਰੀਆਂ ਭਰੀਆਂ। ਗੱਦੀਨਸ਼ੀਨ ਸੰਤ ਪ੍ਰੇਮ ਦਾਸ ਵਲੋਂ ਪਹੁੰਚੇ ਹੋਏ ਮਹਾਂਪੁਰਸ਼ਾਂ ਅਤੇ ਸੇਵਾਦਾਰਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੰਤ ਸੁਰਿੰਦਰ ਦਾਸ ਅਟਾਰੀ, ਸੰਤ ਪ੍ਰੇਮ ਦਾਸ, ਮਨਜੀਤ ਕੌਰ ਸਾਬਕਾ ਸਰਪੰਚ, ਨੰਦ ਲਾਲ, ਗੁਰਦੇਵ ਸਿੰਘ ਫਰਾਲਾ, ਮਹਿੰਦਰ ਪਾਲ, ਨਰੇਸ਼ ਕੁਮਾਰ, ਮਨਜਿੰਦਰ ਮਨੀ ਆਦਿ ਹਾਜ਼ਰ ਸਨ।

# ਬਾਬਾ ਸਾਹਿਬ ਵਿਰੁੱਧ ਗਲਤ ਟਿੱਪਣੀਆਂ ਕਰਨ ਵਾਲੇ ਅਮਿਤ ਸ਼ਾਹ 'ਤੇ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ : ਬੇਗਮਪੁਰਾ ਟਾਈਗਰ ਫੋਰਸ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਡਾਕਟਰ ਭੀਮ ਰਾਓ ਅੰਬੇਡਕਰ ਦੇ ਸੰਬੰਧ ਵਿੱਚ ਕੀਤੀਆਂ ਗਲਤ ਟਿੱਪਣੀਆਂ ਸੰਵਿਧਾਨ ਅਤੇ ਦੇਸ਼ ਲਈ ਖਤਰਨਾਕ ਹਨ। ਇਹਨਾਂ ਗੱਲਾਂ ਦਾ ਪ੍ਰਗਟਾਵਾ ਬੇਗਮਪੁਰਾ ਟਾਈਗਰ ਫੋਰਸ ਦੇ ਧਾਕੜ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਨੇ ਸਾਡੇ ਪੱਤਰਕਾਰ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਕੀਤਾ। ਉਹਨਾਂ ਆਰ. ਐਸ. ਐਸ. ਅਤੇ ਭਾਰਤੀ ਜਨਤਾ ਪਾਰਟੀ ਦੀ ਦੋਗਲੀ ਨੀਤੀ ਦਾ ਪਰਦਾਫਾਸ਼ ਕਰਦਿਆਂ ਕਿਹਾ ਕਿ ਇੱਕ ਪਾਸੇ ਤਾਂ ਬੀ ਜੇ ਪੀ ਦੀ ਸਰਕਾਰ ਭਾਰਤੀ ਸੰਵਿਧਾਨ ਦੀ ਰਖਵਾਲੀ ਕਰਨ ਦਾ ਢਿੰਡੋਰਾ ਪਿੱਟ ਰਹੀ ਹੈ ਅਤੇ ਦੂਜੇ ਪਾਸੇ ਜੋ ਸੰਵਿਧਾਨ ਬਚਾਉਣ ਲਈ ਦੇਸ਼ ਪੱਧਰ 'ਤੇ ਸੰਘਰਸ਼ ਕਰ ਰਹੇ ਹਨ ਉਨ੍ਹਾਂ ਦਾ ਡਟ ਕੇ ਵਿਰੋਧ ਕਰ ਰਹੀ ਹੈ। ਉਹਨਾਂ ਕਿਹਾ ਭਾਜਪਾ ਦੇਸ਼ ਵਾਸੀਆਂ ਨੂੰ ਗੁੰਮਰਾਹ ਕਰਕੇ ਇਹ ਕਹਿ ਰਹੀ ਹੈ ਕਿ ਬੀ ਜੇ ਪੀ ਤੋਂ ਬਿਨਾਂ ਹੋਰ ਕੋਈ ਸੰਵਿਧਾਨ ਪ੍ਰਤੀ ਵਚਨਵੱਧ ਨਹੀਂ ਹੈ ਜਦਕਿ ਇਸ ਤਰ੍ਹਾਂ ਨਹੀਂ ਹੈ। ਉਹਨਾਂ ਕਿਹਾ ਕਿ ਆਰ. ਐਸ. ਐਸ. ਦਾ ਅੱਜ ਫਿਰਕਾਪ੍ਰਸਤੀ ਵਾਲਾ ਚਿਹਰਾ ਸਪੱਸ਼ਟ ਤੌਰ 'ਤੇ ਨੰਗਾ ਹੋ ਗਿਆ ਹੈ। ਉਹਨਾਂ ਕਿਹਾ ਕਿ ਭਾਜਪਾ ਵਲੋਂ ਦੇਸ਼ ਭਰ ਦੇ ਅਨੁਸੂਚਿਤ ਜਾਤੀ, ਅਨੁਸੂਚਿਤ ਕਬੀਲੇ, ਐਸ ਸੀ - ਪੱਛੜਿਆ ਵਰਗ ਅਤੇ ਧਾਰਮਿਕ ਘੱਟ ਗਿਣਤੀ ਵਰਗ ਨੂੰ ਆਪਸ ਵਿੱਚ ਲੜਾ-ਲੜਾ ਕੇ ਦੇਸ਼ ਦਾ ਵਾਤਾਵਰਣ ਫਿਰਕੂ ਰੰਗ ਨਾਲ ਰੰਗਿਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਭਾਜਪਾ ਵਲੋਂ ਐਸ ਸੀ ਸਮਾਜ ਨੂੰ ਸੰਵਿਧਾਨ ਅਨੁਸਾਰ ਮਿਲੇ ਹੱਕਾਂ ਤੋਂ ਵਾਂਝੇ ਕੀਤਾ ਜਾ ਰਿਹਾ ਹੈ। ਅੱਜ ਸੰਵਿਧਾਨ ਨੂੰ ਬਚਾਉਣ ਲਈ ਐਸ ਸੀ ਸਮਾਜ ਵੱਲੋਂ ਸੰਘਰਸ਼ ਹਰ ਭਾਰਤੀ ਦੇ ਘਰ ਦੇ ਦਰਵਾਜ਼ੇ ਤੋਂ ਸ਼ੁਰੂ ਹੋ ਕੇ ਦੇਸ਼ ਪੱਧਰ ਤੱਕ ਪਹੁੰਚ ਚੁੱਕਾ ਹੈ। ਉਹਨਾਂ ਕਿਹਾ ਕਿ ਇਨਸਾਫ ਪਸੰਦ ਦੇਸ਼ ਨਾਲ ਹਿੱਤ ਰੱਖਣ ਵਾਲੇ ਅਤੇ ਸੰਵਿਧਾਨ ਵਿੱਚ ਵਿਸ਼ਵਾਸ ਰੱਖਣ ਵਾਲਿਆਂ ਨੂੰ ਇਕੱਠੇ ਹੋ ਕੇ ਇਸ ਲੜਾਈ ਨੂੰ ਜਿੱਤ ਵੱਲ ਲਿਜਾਣ ਲਈ ਹੁਣ ਤਿਆਰ ਹੋ ਜਾਣਾ ਚਾਹੀਦਾ ਹੈ। ਬੇਗਮਪੁਰਾ ਟਾਈਗਰ ਫੋਰਸ ਦੇ ਕੌਮੀ ਪ੍ਰਧਾਨ ਨੇ ਕਿਹਾ ਕਿ ਭਾਰਤ ਰਤਨ ਬਾਬਾ ਸਾਹਿਬ ਵਲੋਂ ਲਿਖੇ ਗਏ ਸੰਵਿਧਾਨ ਵਿਰੁੱਧ ਟਿੱਪਣੀਆਂ ਕਰਨ ਵਾਲੇ ਅਮਿਤ ਸ਼ਾਹ 'ਤੇ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ।



# ਮਿਉਂਸਪਲ ਚੋਣਾਂ : ਦੋ 'ਤੇ ਆਪ, ਇਕ ਸੀਟ 'ਤੇ ਕਾਂਗਰਸ ਜੇਤੂ

**ਹੁਸ਼ਿਆਰਪੁਰ, (ਓਮ ਪ੍ਰਕਾਸ਼ ਰਾਣਾ)**

ਜ਼ਿਲ੍ਹੇ 'ਚ ਮਿਉਂਸਪਲ ਚੋਣਾਂ ਸ਼ਾਂਤੀਪੂਰਵਕ ਢੰਗ ਨਾਲ ਮੁਕੰਮਲ ਹੋ ਗਈਆਂ। ਜ਼ਿਲ੍ਹੇ ਵਿਚ ਨਗਰ ਨਿਗਮ ਹੁਸ਼ਿਆਰਪੁਰ ਦੇ ਤਿੰਨ ਵਾਰਡਾਂ, ਹਰਿਆਣਾ ਅਤੇ ਟਾਂਡਾ ਦੇ ਇਕ-ਇਕ ਵਾਰਡ ਦੀ ਉਪ ਚੋਣ ਅਤੇ ਮਾਹਿਲਪੁਰ ਨਗਰ ਪੰਚਾਇਤ ਦੀ ਆਮ ਚੋਣ ਹੋਈ। ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਕੋਮਲ ਮਿੱਤਲ ਨੇ ਸ਼ਾਂਤੀਪੂਰਵਕ ਵੋਟਾਂ ਲਈ ਵੋਟਰਾਂ ਅਤੇ ਪੋਲਿੰਗ ਸਟਾਫ਼ ਦਾ ਧੰਨਵਾਦ ਕੀਤਾ। ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਕੋਮਲ ਮਿੱਤਲ ਨੇ ਦੱਸਿਆ ਕਿ ਇਨ੍ਹਾਂ ਚੋਣਾਂ ਵਿਚ ਜ਼ਿਲ੍ਹੇ ਵਿਚ 61.10 ਫੀਸਦੀ ਵੋਟਾਂ ਪਈਆਂ। ਉਨ੍ਹਾਂ ਦੱਸਿਆ ਕਿ ਨਗਰ ਨਿਗਮ ਹੁਸ਼ਿਆਰਪੁਰ ਦੇ 3 ਵਾਰਡ ਵਿਚ ਕੁੱਲ 51.74 ਫੀਸਦੀ, ਹਰਿਆਣਾ ਨਗਰ ਕੌਂਸਲ ਦੇ ਵਾਰਡ ਨੰਬਰ 11 ਵਿਚ 68.06, ਟਾਂਡਾ ਨਗਰ ਕੌਂਸਲ ਦੇ ਵਾਰਡ ਨੰਬਰ 8 ਵਿਚ 76.43 ਅਤੇ ਮਾਹਿਲਪੁਰ ਨਗਰ ਪੰਚਾਇਤ ਵਿਚ ਕੁੱਲ 68.22 ਫੀਸਦੀ ਵੋਟਾਂ ਪਈਆਂ। ਇਸ ਦੌਰਾਨ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਬਿਨਾ ਡਰ, ਨਿਰਪੱਖ ਅਤੇ ਪਾਰਦਰਸ਼ੀ ਚੋਣਾਂ ਕਰਵਾਉਣ ਲਈ ਐਸ.ਐਸ.ਪੀ. ਸੁਰੇਂਦਰ ਲਾਂਬਾ ਨਾਲ ਅੱਜ ਵੱਖ-ਵੱਖ ਪੋਲਿੰਗ ਬੂਥਾਂ ਦਾ ਦੌਰਾ ਕਰਕੇ ਵੋਟ ਪ੍ਰਕਿਰਿਆ ਦਾ ਜਾਇਜ਼ਾ ਲਿਆ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਹੁਸ਼ਿਆਰਪੁਰ ਨਗਰ ਨਿਗਮ ਦੇ ਵਾਰਡ ਨੰਬਰ 6 ਵਿਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਰਾਜੇਸ਼ਵਰ ਦਿਆਲ ਬੱਬੀ ਜੇਤੂ ਰਹੇ, ਉਨ੍ਹਾਂ ਨੂੰ 768 ਵੋਟ ਮਿਲੇ ਜਦਕਿ ਇੰਡੀਅਨ ਨੈਸ਼ਨਲ ਕਾਂਗਰਸ ਦੇ ਉਮੀਦਵਾਰ ਸੁਨੀਤ ਦੱਤ ਨੂੰ 585 ਵੋਟ ਮਿਲੇ। ਵਾਰਡ ਨੰਬਰ 7 ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਨਰਿੰਦਰ ਕੌਰ ਜੇਤੂ ਰਹੀ ਉਨ੍ਹਾਂ ਨੂੰ 589 ਵੋਟ ਮਿਲੇ ਜਦਕਿ ਇੰਡੀਅਨ ਨੈਸ਼ਨਲ ਕਾਂਗਰਸ ਦੀ ਉਮੀਦਵਾਰ ਪਰਮਜੀਤ ਕੌਰ ਨੂੰ 505 ਵੋਟ ਮਿਲੇ। ਵਾਰਡ ਨੰਬਰ 27 ਤੋਂ ਇੰਡੀਅਨ ਨੈਸ਼ਨਲ ਕਾਂਗਰਸ ਦੀ ਉਮੀਦਵਾਰ ਦਵਿੰਦਰ ਕੌਰ ਜੇਤੂ ਰਹੀ ਉਨ੍ਹਾਂ ਨੂੰ 1084 ਵੋਟ ਮਿਲੇ ਜਦਕਿ ਆਮ ਆਦਮੀ ਪਾਰਟੀ ਦੀ ਉਮੀਦਵਾਰ ਸ਼ਰਨਜੀਤ ਕੌਰ ਨੂੰ 485 ਵੋਟ ਮਿਲੇ। ਨਗਰ ਕੌਂਸਲ ਹਰਿਆਣਾ ਦੇ ਵਾਰਡ ਨੰਬਰ 11 ਤੋਂ ਆਮ ਆਦਮੀ ਪਾਰਟੀ ਦੇ ਰਾਮਜੀਤ ਜੇਤੂ ਰਹੇ, ਉਨ੍ਹਾਂ ਨੂੰ 256 ਵੋਟ ਮਿਲੇ ਜਦਕਿ ਇੰਡੀਅਨ ਨੈਸ਼ਨਲ ਕਾਂਗਰਸ ਦੇ ਉਮੀਦਵਾਰ ਗੌਰਵ ਕੁਮਾਰ ਨੂੰ 218 ਵੋਟ ਮਿਲੇ। ਨਗਰ ਕੌਂਸਲ ਟਾਂਡਾ ਦੇ ਵਾਰਡ ਨੰਬਰ 8 ਤੋਂ ਇੰਡੀਅਨ ਨੈਸ਼ਨਲ ਕਾਂਗਰਸ ਦੇ ਉਮੀਦਵਾਰ ਜਸਵਿੰਦਰ ਸਿੰਘ ਜੇਤੂ ਰਹੇ, ਉਨ੍ਹਾਂ ਨੂੰ 523 ਵੋਟਾਂ ਪਈਆਂ ਜਦਕਿ ਆਮ ਆਦਮੀ ਪਾਰਟੀ ਦੇ ਉਮੀਦਵਾਰ ਜਸਵਿੰਦਰ ਲਾਲ ਨੂੰ 315 ਵੋਟਾਂ ਪਈਆਂ। ਇਸੇ ਤਰ੍ਹਾਂ ਮਾਹਿਲਪੁਰ ਦੇ ਵਾਰਡ ਨੰਬਰ 1 ਤੋਂ ਆਮ ਆਦਮੀ ਪਾਰਟੀ ਦੀ ਮਨਪ੍ਰੀਤ ਕੌਰ ਜੇਤੂ ਰਹੀ, ਉਨ੍ਹਾਂ ਨੂੰ 265 ਵੋਟ ਮਿਲੇ ਜਦਕਿ ਇੰਡੀਅਨ ਨੈਸ਼ਨਲ ਕਾਂਗਰਸ ਦੀ ਉਮੀਦਵਾਰ ਮੁਕੇਸ਼ ਕੁਮਾਰੀ ਨੂੰ 39 ਵੋਟ ਮਿਲੇ। ਵਾਰਡ ਨੰਬਰ 2 ਤੋਂ ਆਮ ਆਦਮੀ ਪਾਰਟੀ ਦੇ ਅਸ਼ੋਕ ਕੁਮਾਰ ਜੇਤੂ ਰਹੇ ਉਨ੍ਹਾਂ ਨੂੰ 238 ਵੋਟ ਪ੍ਰਾਪਤ ਹੋਏ ਜਦਕਿ ਬਹੁਜਨ ਸਮਾਜ ਪਾਰਟੀ ਦੇ ਉਮੀਦਵਾਰ ਕਸ਼ਮੀਰ ਸਿੰਘ ਨੂੰ 126 ਵੋਟ ਮਿਲੇ। ਵਾਰਡ ਨੰਬਰ 3 ਤੋਂ ਇੰਡੀਅਨ ਨੈਸ਼ਨਲ ਕਾਂਗਰਸ ਦੀ ਦਵਿੰਦਰ ਕੌਰ ਜੇਤੂ ਰਹੀ ਉਨ੍ਹਾਂ ਨੂੰ 162 ਵੋਟ ਪ੍ਰਾਪਤ ਹੋਏ ਜਦਕਿ ਆਮ ਆਦਮੀ ਪਾਰਟੀ ਦੀ ਉਮੀਦਵਾਰ ਹਰਬੰਸ ਕੌਰ ਨੂੰ 150 ਵੋਟ ਹਾਸਲ ਹੋਏ। ਵਾਰਡ ਨੰਬਰ 4 ਤੋਂ ਆਮ ਆਦਮੀ ਪਾਰਟੀ ਦੀ ਸ਼ਸ਼ੀ ਬਾਂਗੜ ਜੇਤੂ ਰਹੀ, ਉਨ੍ਹਾਂ ਨੂੰ 278 ਵੋਟ ਮਿਲੇ ਜਦਕਿ ਆਜ਼ਾਦ ਉਮੀਦਵਾਰ ਨਰੇਸ਼ ਕੁਮਾਰ ਨੂੰ 174 ਵੋਟ ਮਿਲੇ। ਵਾਰਡ ਨੰਬਰ 5 ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਧੀਰਜ ਪਾਲ ਜੇਤੂ ਰਹੇ, ਉਨ੍ਹਾਂ ਨੂੰ 308 ਵੋਟ ਮਿਲੇ ਜਦਕਿ ਇੰਡੀਅਨ ਨੈਸ਼ਨਲ ਕਾਂਗਰਸ ਦੇ ਉਮੀਦਵਾਰ ਅਸ਼ਨਿਆ ਨੂੰ 143 ਵੋਟ ਮਿਲੇ। ਵਾਰਡ ਨੰਬਰ 6 ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਬਲਦੇਵ ਸਿੰਘ ਜੇਤੂ ਰਹੇ ਉਨ੍ਹਾਂ ਨੂੰ 189 ਵੋਟ ਮਿਲੇ ਜਦਕਿ ਆਜ਼ਾਦ ਉਮੀਦਵਾਰ ਅਮਰਜੀਤ ਸਿੰਘ ਨੂੰ 168 ਵੋਟਾਂ ਪਈਆਂ। ਵਾਰਡ ਨੰਬਰ 7 ਤੋਂ ਆਮ ਆਦਮੀ ਪਾਰਟੀ ਦੀ ਉਮੀਦਵਾਰ ਕੁਲਦੀਪ ਕੌਰ ਜੇਤੂ ਰਹੀ, ਉਨ੍ਹਾਂ ਨੂੰ 169 ਵੋਟ ਹਾਸਲ ਹੋਏ ਜਦਕਿ ਆਜ਼ਾਦ ਉਮਦੀਵਾਰ ਸੁਦੇਸ਼ ਸਿਦਰ ਨੂੰ 165 ਵੋਟਾਂ ਪਈਆਂ। ਵਾਰਡ ਨੰਬਰ 8 ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਦਵਿੰਦਰ ਸਿੰਘ ਸਿੰਘ ਜੇਤੂ ਰਹੇ, ਉਨ੍ਹਾਂ ਨੂੰ 156 ਵੋਟ ਪ੍ਰਾਪਤ ਹੋਏ ਜਦਕਿ ਆਜ਼ਾਦ ਉਮੀਦਵਾਰ ਸੁਖਵਿੰਦਰ ਸਿੰਘ ਨੂੰ 149 ਵੋਟਾਂ ਪ੍ਰਾਪਤ ਹੋਏ। ਵਾਰਡ ਨੰਬਰ 9 ਤੋਂ ਆਮ ਆਦਮੀ ਪਾਰਟੀ ਦੀ ਉਮੀਦਵਾਰ ਮਨਦੀਪ ਕੌਰ ਜੇਤੂ ਰਹੀ ਉਨ੍ਹਾਂ ਨੂੰ 391 ਵੋਟ ਹਾਸਲ ਹੋਏ ਜਦਕਿ ਆਜਾਦ ਉਮੀਦਵਾਰ ਗੁਰਵਿੰਦਰ ਕੌਰ ਨੂੰ 145 ਵੋਟਾਂ ਮਿਲੀਆਂ। ਵਾਰਡ ਨੰਬਰ 10 ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਰਾਜ ਕੁਮਾਰ ਜੇਤੂ ਰਹੇ ਉਨ੍ਹਾਂ ਨੂੰ 226 ਵੋਟ ਹਾਸਲ ਹੋਏ ਜਦਕਿ ਆਜ਼ਾਦ ਉਮੀਦਵਾਰ ਸੀਤਾ ਰਾਮ ਨੂੰ 211 ਵੋਟ ਪ੍ਰਾਪਤ ਹੋਏ। ਵਾਰਡ ਨੰਬਰ 11 ਤੋਂ ਆਜ਼ਾਦ ਉਮੀਦਵਾਰ ਸੁਰਿੰਦਰ ਕੌਰ ਜੇਤੂ ਰਹੀ, ਉਨ੍ਹਾਂ ਨੂੰ 190 ਵੋਟ ਹਾਸਲ ਹੋਏ ਜਦਕਿ ਉਨ੍ਹਾ ਦੇ ਵਿਰੋਧੀ ਆਜ਼ਾਦ ਉਮੀਦਵਾਰ ਅਮਨਦੀਪ ਕੌਰ ਨੂੰ 139 ਵੋਟਾਂ ਮਿਲੀਆਂ। ਵਾਰਡ ਨੰਬਰ 12 ਤੋਂ ਆਜਾਦ ਉਮੀਦਵਾਰ ਬਲਵਿੰਦਰ ਪਾਲ ਜੇਤੂ ਰਹੇ ਉਨ੍ਹਾਂ ਨੂੰ 230 ਵੋਟ ਹਾਸਲ ਹੋਏ ਜਦਕਿ ਆਮ ਆਦਮੀ ਪਾਰਟੀ ਦੇ ਉਮੀਦਵਾਰ ਜਗਦੀਪ ਸਿੰਘ ਨੂੰ 193 ਵੋਟ ਮਿਲੇ ਅਤੇ ਵਾਰਡ ਨੰਬਰ 13 ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਸਤਵੀਰ ਸਿੰਘ ਜੇਤੂ ਰਹੇ ਉਨ੍ਹਾਂ ਨੂੰ 144 ਵੋਟ ਮਿਲੇ ਜਦਕਿ ਆਜ਼ਾਦ ਉਮੀਦਵਾਰ ਅਮਨਦੀਪ ਸਿੰਘ ਨੂੰ 132 ਵੋਟਾਂ ਪਈਆਂ।

23-Dec-PAGE-12.qxd 12/22/2024 9:52 PM Page 1



# ਪੁਲਸ ਵੱਲੋਂ 4 ਨਸ਼ਾ ਤਸਕਰਾਂ ਖਿਲਾਫ ਵੱਡੀ ਕਾਰਵਾਈ, 84.52 ਲੱਖ ਰੁਪਏ ਦੀ ਜਾਇਦਾਦ ਜ਼ਬਤ

**ਜਲੰਧਰ, (ਸ਼ੈਲੀ ਐਲਬਰਟ)**

ਨਸ਼ੀਲੇ ਪਦਾਰਥਾਂ ਦੇ ਵਪਾਰ ਨੂੰ ਠੱਲ੍ਹ ਪਾਉਣ ਲਈ ਜਲੰਧਰ ਦਿਹਾਤੀ ਪੁਲਸ ਨੇ ਨਸ਼ਾ ਤਸਕਰਾਂ ਖਿਲਾਫ ਇਕ ਵੱਡੀ ਕਰਵਾਈ ਕਰਦਿਆਂ ਚਾਰ ਐਨ.ਡੀ.ਪੀ.ਐਸ. ਕੇਸਾਂ ਵਿੱਚ ਸ਼ਾਮਲ ਅਪਰਾਧੀਆਂ ਦੀਆਂ 84,52,750 ਰੁਪਏ ਦੀਆਂ ਜਾਇਦਾਦਾਂ ਨੂੰ ਜ਼ਬਤ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਸਮਰੱਥ ਅਥਾਰਟੀ ਨਵੀਂ ਦਿੱਲੀ ਨੇ ਪੁਲਸ ਵੱਲੋਂ ਪੇਸ਼ ਕੀਤੇ ਪ੍ਰਸਤਾਵਾਂ ਦੇ ਬਾਅਦ ਪਿਛਲੇ ਚਾਰ ਮਹੀਨਿਆਂ ਵਿੱਚ ਇਨ੍ਹਾਂ ਜਾਇਦਾਦਾਂ ਨੂੰ ਜ਼ਬਤ ਕਰਨ ਦੀ ਪੁਸ਼ਟੀ ਕੀਤੀ ਹੈ।ਪੱਤਰਕਾਰਾਂ ਨਾਲ ਜਾਣਕਾਰੀ ਸਾਂਝੀ ਕਰਦਿਆਂ ਸੀਨੀਅਰ ਕਪਤਾਨ ਪੁਲਸ (ਐਸ.ਐਸ.ਪੀ.) ਹਰਕਮਲ ਪ੍ਰੀਤ ਸਿੰਘ ਖੱਖ ਨੇ ਕਿਹਾ ਕਿ ਪੁਲਸ ਨੇ ਪਿਛਲੇ ਚਾਰ ਮਹੀਨਿਆਂ ਤੋਂ ਲਗਾਤਾਰ ਸਖ਼ਤ ਕਾਰਵਾਈ ਕਰਦੇ ਹੋਏ ਅਪਰਾਧਕ ਅਨਸਰਾਂ 'ਤੇ ਸ਼ਿਕੰਜਾ ਕੱਸਿਆ ਹੈ। ਉਨ੍ਹਾਂ ਦੱਸਿਆ ਕਿ ਐਨ.ਡੀ.ਪੀ.ਐਸ. ਐਕਟ ਦੇ ਅਧਿਆਏ 5 ਏ ਤਹਿਤ ਇਹ ਕਾਰਵਾਈ ਕੀਤੀ ਗਈ ਹੈ, ਜੋ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਨਸ਼ੀਲੇ ਪਦਾਰਥਾਂ ਦੇ ਪੈਸੇ ਦੁਆਰਾ ਹਾਸਲ ਕੀਤੀਆਂ ਜਾਇਦਾਦਾਂ ਨੂੰ ਜ਼ਬਤ ਕਰਨ, ਫਰੀਜ਼ ਕਰਨ ਅਤੇ ਜ਼ਬਤ ਕਰਨ ਦਾ ਅਧਿਕਾਰ ਦਿੰਦਾ ਹੈ। ਉਨ੍ਹਾਂ ਦੱਸਿਆ ਕਿ ਅਟੈਚ ਕੀਤੀਆਂ ਜਾਇਦਾਦਾਂ ਹੁਣ ਭਾਰਤ ਸਰਕਾਰ ਦੇ ਨਾਂ 'ਤੇ ਹਨ। ਉਨ੍ਹਾਂ ਦੱਸਿਆ ਕਿ ਨਿਲਾਮੀ ਸਮੇਤ ਅਗਲੀ ਕਰਵਾਈ ਕਾਨੂੰਨ ਮੁਤਾਬਕ ਕੀਤੀ ਜਾਵੇਗੀ।ਜ਼ਬਤ ਕੀਤੀਆਂ ਜਾਇਦਾਦਾਂ ਬਾਰੇ ਜਾਣਕਾਰੀ ਦਿੰਦਿਆਂ ਐਸ.ਐਸ.ਪੀ. ਖੱਖ ਨੇ ਦੱਸਿਆ ਕਿ ਹਰੀਸ਼ ਕੁਮਾਰ ਉਰਫ਼ ਮੋਨੂੰ ਵਾਸੀ ਕਪੂਰਥਲਾ ਦੀ




ਮਾਰੂਤੀ ਸਵਿਫਟ ਡਿਜ਼ਾਇਰ (ਕੀਮਤ ?3,50,000) ਨੂੰ 15 ਮਾਰਚ 2020 ਨੂੰ ਥਾਣਾ ਸ਼ਾਹਕੋਟ ਵਿਖੇ ਦਰਜ ਹੋਈ ਇੱਕ ਐਫ.ਆਈ.ਆਰ ਦੇ ਸਬੰਧ ਵਿੱਚ ਜ਼ਬਤ ਕੀਤਾ ਗਿਆ ਸੀ। ਇੱਕ ਹੋਰ ਮਾਮਲੇ ਵਿੱਚ ਹੁਸ਼ਿਆਰਪੁਰ ਦੇ ਵਸਨੀਕ ਲਖਵੀਰ ਚੰਦ, 26 ਮਈ 2020 ਨੂੰ ਪੀ.ਐਸ ਭੋਗਪੁਰ ਵਿਖੇ ਦਰਜ ਕੀਤੀ ਗਈ ਇੱਕ ਐਫ.ਆਈ.ਆਰ ਦੇ ਸਬੰਧ ਵਿੱਚ 9 ਮਰਲੇ ਦੇ ਇੱਕ ਪਲਾਟ ਦੀ ਕੀਮਤ 52,00,000 ਰੁਪਏ ਹੈ, ਨੂੰ ਫਰੀਜ਼ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਮਹਿਤਪੁਰ ਦੇ ਰਹਿਣ ਵਾਲੇ ਪ੍ਰੇਮ ਸਿੰਘ ਦਾ 11 ਕਨਾਲ 1 ਮਰਲੇ ਦਾ ਪਲਾਟ ਫਰੀਜ਼ ਕੀਤਾ ਹੋਇਆ ਸੀ। ਇਸ ਤੋਂ ਇਲਾਵਾ 8,28,750 ਰੁਪਏ ਦੀ ਜਾਇਦਾਦ, 19 ਜੁਲਾਈ 2013 ਨੂੰ ਥਾਣਾ ਮਹਿਤਪੁਰ ਵਿਖੇ ਦਰਜ ਕੀਤੀ ਗਈ ਐਫ.ਆਈ.ਆਰ ਨਾਲ ਜੁੜੀ ਹੋਈ ਸੀ। ਉਨ੍ਹਾਂ ਦੱਸਿਆ ਕਿ ਮਕਸੂਦਾਂ ਦੇ ਵਸਨੀਕ ਸੋਨੂੰ ਕੁਮਾਰ ਦਾ 5 ਮਰਲੇ ਦਾ ਰਿਹਾਇਸ਼ੀ ਮਕਾਨ, ਜਿਸ ਦੀ ਕੀਮਤ 20,74,000 ਰੁਪਏ ਹੈ, ਨੂੰ 16 ਸਤੰਬਰ 2005, 15 ਮਾਰਚ 2009, 19 ਸਤੰਬਰ 2008 ਨੂੰ ਦਰਜ ਐਫ.ਆਈ.ਆਰਜ਼ ਦੇ ਸਬੰਧ ਵਿੱਚ ਪੀ.ਐਸ. ਆਦਮਪੁਰ ਅਤੇ ਪੀ.ਐਸ.ਨੂਰਮਹਿਲ ਵਿਖੇ ਦਰਜ ਕੀਤੇ ਗਏ ਸਨ।ਉਨ੍ਹਾਂ ਦੱਸਿਆ ਕਿ ਜਲੰਧਰ ਦਿਹਾਤੀ ਪੁਲਸ ਵਲੋਂ ਨਸ਼ਿਆਂ ਵਿਰੁੱਧ ਜ਼ੀਰੋ-ਟੌਲਰੈਂਸ ਨੀਤੀ ਅਪਣਾਈ ਗਈ ਹੈ ਅਤੇ ਨਸ਼ਾ ਤਸਕਰਾਂ ਦੇ ਵਿੱਤੀ ਨੈੱਟਵਰਕ ਨੂੰ ਨਸ਼ਟ ਕਰਕੇ ਨਸ਼ੇ ਦੇ ਕਾਰੋਬਾਰ ਨੂੰ ਠੱਲ੍ਹ ਪਾਉਣ ਲਈ ਵਚਨਬੱਧ ਹੈ। ਐਸ.ਐਸ.ਪੀ. ਖੱਖ ਨੇ ਨਾਗਰਿਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਕਿਸੇ ਵੀ ਸ਼ੱਕੀ ਗਤੀਵਿਧੀ ਦੀ ਸੂਚਨਾ ਤੁਰੰਤ ਪੁਲਸ ਨੂੰ ਦਿੱਤੀ ਜਾਵੇ,

# ਗੁਰਾਇਆ ਨਗਰ ਕੌਂਸਲ ਚੋਣਾਂ : ਆਮ ਆਦਮੀ ਪਾਰਟੀ ਨੇ ਕੀਤਾ ਕਬਜ਼ਾ




**ਗੁਰਾਇਆ, (ਬਿੰਦਰ ਸੁਮਨ)**-ਗੁਰਾਇਆ ਨਗਰ ਕੌਂਸਲ ਦੀਆਂ ਹੋਈਆਂ ਚੋਣਾਂ ਵਿਚ 65.14 ਫ਼ੀਸਦੀ ਪੋਲਿੰਗ ਹੋਈ। ਆਏ ਨਤੀਜਿਆਂ ਵਿਚ ਵਾਰਡ ਨੰਬਰ ਇਕ ਵਿਚ ਪ੍ਰਵੀਨ ਆਮ ਆਦਮੀ ਪਾਰਟੀ 470 ਵੋਟ ਲੈ ਕੇ ਜੇਤੂ ਰਹੀ। ਮਨਜੀਤ ਕੌਰ ਨੂੰ 240 ਵੋਟ ਮਿਲੇ ਅਤੇ 9 ਵੋਟ ਨੋਟਾ ਨੂੰ ਪਏ। ਇੱਥੇ ਕੁੱਲ 719 ਵੋਟ ਪਏ। ਵਾਰਡ ਨੰਬਰ 2 ਵਿਚ ਰਾਹੁਲ ਪੁੰਜ ਆਮ ਆਦਮੀ ਪਾਰਟੀ 535 ਵੋਟਾਂ ਲੈ ਕੇ ਜੇਤੂ ਰਹੇ, ਇੱਥੇ ਕੁਲ 640 ਵੋਟਾਂ ਪਈਆਂ। ਜਿਸ ਵਿਚੋਂ ਮਹਿੰਦਰ ਸਿੰਘ 53, ਕਮਲਦੀਪ ਸਿੰਘ ਬਿੱਟੂ 44 ਤੇ ਨੋਟਾ ਨੂੰ 8 ਵੋਟਾਂ ਪਈਆਂ। ਵਾਰਡ ਨੰਬਰ 3 ਵਿਚ ਜਸਵੀਰ ਸਿੰਘ ਰਾਜੂ ਆਮ ਆਦਮੀ ਪਾਰਟੀ 326 ਵੋਟ ਨਾਲ ਜੇਤੂ ਰਹੇ। ਜੀਵਨ ਸਿੰਘ ਨੂੰ 91 ਵੋਟ ਅਤੇ ਰਵਿੰਦਰਪਾਲ ਸਿੰਘ ਰਿੰਕੂ ਨੂੰ 95 ਵੋਟ ਮਿਲੇ। 3 ਵੋਟਾਂ ਨੋਟਾ ਨੂੰ ਪਈਆਂ ਜਦਕਿ ਕੁੱਲ 515 ਵੋਟ ਪਏ। ਵਾਰਡ ਨੰਬਰ 4 ਵਿਚ ਸੁਦੇਸ਼ ਕੁਮਾਰ ਬਿੱਲਾ ਆਮ ਆਦਮੀ ਪਾਰਟੀ ਨੂੰ 321 ਵੋਟ ਮਿਲੇ। ਗਿਆਨ ਚੰਦ ਨੂੰ 112 ਵੋਟ ਮਿਲੇ।ਪਰਮਜੀਤ ਨੂੰ 39 ਵੋਟ ਮਿਲੇ।ਮਨਿੰਦਰ ਕੁਮਾਰ ਨੂੰ 101 ਵੋਟ ਮਿਲੇ। ਨੋਟਾ ਨੂੰ 5 ਵੋਟ ਮਿਲੇ। ਇੱਥੇ ਕੁੱਲ 578 ਵੋਟ ਪੋਲ ਹੋਏ। ਵਾਰਡ ਨੰਬਰ 5 ਵਿਚ ਰਜਨੀ ਗਾਬਾ ਭਾਜਪਾ ਨੂੰ 214 ਵੋਟ ਮਿਲੇ। ਅਨੁਰਾਧਾ ਭਾਰਦਵਾਜ ਨੂੰ 120 ਵੋਟ ਮਿਲੇ। ਸ਼ਸ਼ੀ ਨੂੰ 172 ਵੋਟ ਮਿਲੇ, ਨਰਿੰਦਰ ਕੌਰ ਨੂੰ 12 ਵੋਟ ਮਿਲੇ। ਰਾਜ ਰਾਣੀ ਨੂੰ 74 ਵੋਟ ਮਿਲੇ। ਇਕ ਵੋਟ ਨੋਟਾ ਨੂੰ ਪਾਈ ਗਈ ਜਦਕਿ ਇਥੇ ਕੁੱਲ 593 ਵੋਟ ਪੋਲ ਹੋਏ। ਵਾਰਡ ਨੰਬਰ 6 ਵਿਚ ਪ੍ਰੋਫੈਸਰ ਰਿਸ਼ੂ ਬਾਵਾ ਆਜ਼ਾਦ 230 ਵੋਟਾਂ ਲੈ ਕੇ ਜੇਤੂ ਰਹੇ। ਇੱਥੇ ਕੁੱਲ 671 ਵੋਟ ਪਏ। ਗੁਰਵਿੰਦਰ ਸਿੰਘ ਨੌਰਾ ਆਮ ਆਦਮੀ ਪਾਰਟੀ 222 ਵੋਟ ਪਏ। ਸੁਰਿੰਦਰ ਕਾਲੀਆ ਭਾਜਪਾ ਨੂੰ 82 ਵੋਟ ਮਿਲੇ। ਬਲਜਿੰਦਰ ਕਾਲਾ ਕਾਂਗਰਸ ਨੂੰ 135 ਵੋਟ ਮਿਲੇ। ਦੋ ਵੋਟ ਨੋਟਾ ਨੂੰ ਮਿਲੇ। ਵਾਰਡ ਨੰਬਰ 7 ਵਿਚ ਅੰਜੂ ਅਟਵਾਲ ਆਮ ਆਦਮੀ ਪਾਰਟੀ 328 ਵੋਟ ਲੈ ਕੇ ਜੇਤੂ ਰਹੇ। ਇੱਥੇ 457 ਵੋਟ ਪਏ। ਪੂਨਮ ਨੂੰ 88 ਵੋਟ ਮਿਲੇ। ਪਰਮਜੀਤ ਕੌਰ ਨੂੰ 26 ਵੋਟ ਮਿਲੇ। ਨੋਟਾ ਨੂੰ 15 ਵੋਟ ਮਿਲੇ। ਵਾਰਡ ਨੰਬਰ 8 ਵਿਚ 654 ਵੋਟ ਪਾਏ ਗਏ ਜਿਸ ਵਿਚੋਂ 177 ਵੋਟ ਲੈ ਕੇ ਮਨੋਜ ਗੋਗਨਾ ਆਮ ਆਦਮੀ ਪਾਰਟੀ ਜੇਤੂ ਰਹੇ ਜਦਕਿ ਅਸ਼ੋਕ ਰੱਤੂ ਆਜ਼ਾਦ ਨੂੰ 167 ਵੋਟ ਮਿਲੇ। ਅਨਿਲ ਕੁਮਾਰ ਜੋਸ਼ੀ ਕਾਂਗਰਸ ਨੂੰ 107 ਵੋਟ ਮਿਲੇ। ਸੰਜੀਵ ਕੰਡਾ ਆਜ਼ਾਦ ਨੂੰ 104 ਵੋਟ ਮਿਲੇ। ਹਰਦੀਪ ਸਿੰਘ ਆਜ਼ਾਦ ਨੂੰ 96 ਵੋਟ ਮਿਲੇ ਅਤੇ ਨੋਟਾ ਨੂੰ 3 ਵੋਟ ਮਿਲੇ। ਵਾਰਡ ਨੰਬਰ 9 ਵਿਚ ਨਵਜੋਤ ਕੌਰ ਆਮ ਆਦਮੀ ਪਾਰਟੀ ਨੂੰ 442 ਵੋਟ ਮਿਲੇ। ਰਾਜਵਿੰਦਰ ਕੌਰ ਨੂੰ 209 ਵੋਟ ਮਿਲੇ। 10 ਵੋਟ ਨੋਟਾ ਨੂੰ ਪਾਏ ਗਏ ਜਦਕਿ ਇੱਥੇ 661 ਵੋਟ ਪੋਲ ਹੋਏ। ਵਾਰਡ ਨੰਬਰ 10 ਵਿਚ ਜਤਿਨ ਸ਼ਰਮਾ ਆਮ ਆਦਮੀ ਪਾਰਟੀ ਨੂੰ 328, ਸੁਖਰਾਜ ਕੌਰ ਨੂੰ 323 ਅਤੇ ਸਤਵਿੰਦਰ ਸਿੰਘ ਨੂੰ 26 ਵੋਟ ਮਿਲੇ। ਨੋਟਾ ਨੂੰ 3 ਵੋਟ ਮਿਲੇ ਜਦਕਿ ਇੱਥੇ 680 ਵੋਟ ਪੋਲ ਹੋਏ। ਵਾਰਡ ਨੰਬਰ 11 ਵਿਚ ਬਲਵਿੰਦਰ ਕੌਰ ਹੀਰ ਆਮ ਆਦਮੀ ਪਾਰਟੀ ਨੂੰ 481 ਵੋਟ ਮਿਲੇ। ਸੀਮਾ ਰਾਣੀ ਨੂੰ 187 ਵੋਟ ਮਿਲੇ। ਨੋਟਾ ਨੂੰ 10 ਵੋਟ ਮਿਲੇ। ਇੱਥੇ ਕੁੱਲ 678 ਵੋਟਾਂ ਪਈਆ। ਵਾਰਡ ਨੰਬਰ 12 ਵਿਚ 469 ਵੋਟ ਹਰਮੇਸ਼ ਲਾਲ ਆਮ ਆਦਮੀ ਪਾਰਟੀ,102 ਵੋਟ ਅਮਰਜੀਤ ਕੌਰ ਅਤੇ ਨੋਟਾ ਨੂੰ 9 ਵੋਟ ਮਿਲੇ ਇੱਥੇ 580 ਵੋਟ ਪੋਲ ਹੋਏ। ਵਾਰਡ ਨੰਬਰ 13 ਵਿਚ ਕੰਚਨ ਬਾਲਾ ਸਾਂਝੇ ਉਮੀਦਵਾਰ 316 ਵੋਟਾਂ ਨਾਲ ਜਿੱਤ ਪ੍ਰਾਪਤ ਕੀਤੀ। ਰਚਨਾ ਸ਼ਰਮਾ ਨੇ 245 ਵੋਟ ਪ੍ਰਾਪਤ ਕੀਤੇ ਜਦਕਿ ਪੂਨਮ ਨੂੰ 42 ਵੋਟ ਮਿਲੇ। 4 ਵੋਟ ਨੋਟਾ ਨੂੰ ਪ੍ਰਾਪਤ ਹੋਏ। ਇੱਥੇ ਕੁੱਲ 607 ਵੋਟਾਂ ਪਈਆਂ।

## ਵਰ੍ਹੇਗੰਢ ਮੁਬਾਰਕ



ਨਿਸ਼ੀ ਮੱਟੂ ਤੇ ਲਖਵਿੰਦਰ ਸਿੰਘ ਗਿੱਲ ਵਾਸੀ ਦੌਲਤਪੁਰ ਢੱਡਾ, ਜਲੰਧਰ ਨੇ ਆਪਣੇ ਵਿਆਹ ਦੀ 5ਵੀਂ ਵਰ੍ਹੇਗੰਢ ਮਨਾਈ।

## ਜਨਮ ਦਿਨ ਮੁਬਾਰਕ



ਕਾਵਿਆ, ਸੰਗਰੂਰ

# ਨਗਰ ਕੌਂਸਲ ਬਲਾਚੌਰ 'ਚ ਆਮ ਆਦਮੀ ਪਾਰਟੀ ਦੀ ਭਾਰੀ ਜਿੱਤ



**ਬਲਾਚੌਰ (ਜਸਵਿੰਦਰ ਬੈਂਸ)**

ਇੱਥੇ ਨਗਰ ਕੌਂਸਲ ਬਲਾਚੌਰ ਦੀਆਂ ਹੋਈਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ ਭਾਰੀ ਬਹੁਮਤ ਨਾਲ ਜਿੱਤ ਪ੍ਰਾਪਤ ਹੋਈ। ਕੁੱਲ 15 ਵਾਰਡਾਂ ਵਿੱਚੋਂ 9 ਵਾਰਡਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਜੇਤੂ ਰਹੇ ਜਦ ਕਿ 6 ਵਾਰਡਾਂ ਦੇ ਅਜ਼ਾਦ ਉਮੀਦਵਾਰਾਂ ਨੂੰ ਜਿੱਤ ਪਾਪਤ ਹੋਈ। ਇਸ ਤੋਂ ਇਹ ਗੱਲ ਸਾਬਤ ਹੁੰਦੀ ਹੈ ਕਿ ਨਗਰ ਕੌਂਸਲ ਬਲਾਚੌਰ ਉਪਰ ਆਮ ਆਦਮੀ ਪਾਰਟੀ ਕਾਬਜ਼ ਰਹੇਗੀ। ਵੋਟਰਾਂ ਵਲੋਂ ਮੁੜ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਉਪਰ ਵਿਸ਼ਵਾਸ ਜਤਾਇਆ ਗਿਆ। ਇਸ ਸਬੰਧ ਵਿੱਚ ਬਲਾਚੌਰ ਤੋਂ ਆਪ ਦੀ ਵਿਧਾਇਕਾ ਸੰਤੋਸ਼ ਕਟਾਰੀਆ ਨੇ ਆਖਿਆ ਕਿ ਇਹ ਜਿੱਤ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਦੀ ਜਿੱਤ ਹੈ, ਜਿਸ ਤੋਂ ਸਾਬਤ ਹੁੰਦਾ ਹੈ ਕਿ ਲੋਕ ਆਮ ਆਦਮੀ ਪਾਰਟੀ ਦੇ ਪੂਰੀ ਤਰ੍ਹਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਹਨ। ਇਸ ਮੌਕੇ ਹਲਕਾ ਵਿਧਾਇਕ ਸੰਤੋਸ਼ ਕਟਾਰੀਆ ਨੇ ਵਿਸ਼ਵਾਸ ਦਿਵਾਇਆ ਕਿ ਪਾਰਟੀ ਆਉਣ ਵਾਲੇ ਸਮੇਂ ਵਿੱਚ ਵੀ ਲੋਕਾਂ ਦੀਆਂ ਆਸਾਂ ਉਮੀਦਾਂ ਉਪਰ ਖਰਾ ਉਤਰੇਗੀ। ਨਗਰ ਕੌਂਸਲ ਬਲਾਚੌਰ ਦੇ ਨਤੀਜਿਆ ਅਨੁਸਾਰ ਵਾਰਡ ਨੰਬਰ 1 ਰੂਪਾ ਰਾਣੀ (ਆਮ ਆਦਮੀ ਪਾਰਟੀ ), ਵਾਰਡ ਨੰਬਰ 2 ਤੋਂ ਰਣਜੀਤ ਕਾਕਾ (ਆਮ ਆਦਮੀ ਪਾਰਟੀ), ਵਾਰਡ ਨੰਬਰ 3 ਹਸ਼ਮਿੰਦਰ ਕੌਰ (ਆਮ ਆਦਮੀ ਪਾਰਟੀ), ਵਾਰਡ ਨੰਬਰ 4 ਸੁਨੀਲ ਕੌਸ਼ਲ (ਲਾਡੀ ਰਾਣਾ) (ਆਮ ਆਦਮੀ ਪਾਰਟੀ), ਵਾਰਡ ਨੰਬਰ 5 ਹਨੀ ਡੱਬ (ਆਮ ਆਦਮੀ ਪਾਰਟੀ ), ਵਾਰਡ ਨੰਬਰ 6 ਅਜੇ ਰਾਣਾ ਬਿੱਟੂ (ਅਜ਼ਾਦ ), ਵਾਰਡ ਨੰਬਰ (7) ਕੁਸ਼ਮ ਕੌਸ਼ਲ (ਅਜ਼ਾਦ ), ਵਾਰਡ ਨੰਬਰ 8 ਤੋਂ ਪਰਮਿੰਦਰ ਮੇਨਕਾ (ਭਿੰਦਾ ) (ਅਜ਼ਾਦ ), ਵਾਰਡ ਨੰਬਰ 9 ਸ਼ਿੰਦੋ ਮਹੈਸ਼ੀ (ਆਮ ਆਦਮੀ ਪਾਰਟੀ), ਵਾਰਡ ਨੰਬਰ 10 ਤੋਂ ਪਰਮਿੰਦਰ ਕੁਮਾਰ ਪੰਮਾ (ਅਜ਼ਾਦ ), ਵਾਰਡ ਨੰਬਰ 11 ਤੋਂ ਨਿਰਮਲਾ ਦੇਵੀ ( ਆਮ ਆਦਮੀ ਪਾਰਟੀ ), ਵਾਰਡ ਨੰਬਰ 12 ਤੋਂ ਰਾਧੇ ਸ਼ਾਮ (ਆਮ ਆਦਮੀ ਪਾਰਟੀ ), ਵਾਰਡ ਨੰਬਰ 13 ਤੋਂ ਹਰਵਿੰਦਰ ਕੌਰ ਸਿਆਣ (ਆਮ ਆਦਮੀ ਪਾਰਟੀ), ਵਾਰਡ ਨੰਬਰ 14 ਪਾਨੀ ਕੁਮਾਰ (ਅਜਾਦ ), ਵਾਰਡ ਨੰਬਰ 15 ਨੀਲਮ ਚੇਚੀ (ਅਜ਼ਾਦ ) ਜੇਤੂ ਰਹੇ ਹਨ।

# ਸਿਹਤ ਵਿਭਾਗ ਵੱਲੋਂ ਪੈਂਟਾਵੇਲੈਂਟ ਟੀਕਾਕਰਨ ਮੁਹਿੰਮ ਅੱਜ ਤੋਂ

**ਮੋਹਾਲੀ, (ਗੁਰਜੀਤ ਬਿੱਲਾ)**- ਸਿਹਤ ਵਿਭਾਗ ਵੱਲੋਂ ਜ਼ਿਲ੍ਹੇ ਵਿੱਚ 23 ਦਸੰਬਰ ਤੋਂ 31 ਦਸੰਬਰ ਤੱਕ ਪੈਂਟਾਵੇਲੈਂਟ ਵਿਸ਼ੇਸ਼ ਟੀਕਾਕਰਨ ਮੁਹਿੰਮ ਚਲਾਈ ਜਾ ਰਹੀ, ਜਿਸ ਦਾ ਮੁੱਖ ਮੰਤਵ ਜ਼ਿਲ੍ਹੇ ਦੇ ਅਰਬਨ ਖੇਤਰਾਂ ਤੇ ਪ੍ਰਵਾਸੀ ਆਬਾਦੀ ਸਮੇਤ ਘੱਟ ਟੀਕਾਕਰਨ ਕਵਰੇਜ ਵਾਲੇ ਖੇਤਰਾਂ ਵਿਚ ਟੀਕਾਕਰਨ ਕਰ ਕੇ ਪੈਂਟਾਵੇਲੈਂਟ-1 ਦੀ ਕਵਰੇਜ ਨੂੰ ਵਧਾਉਣਾ ਹੈ।ਇਹ ਜਾਣਕਾਰੀ ਦਿੰਦਿਆਂ ਕਾਰਜਕਾਰੀ ਸਿਵਲ ਸਰਜਨ ਡਾ. ਰੇਨੂੰ ਸਿੰਘ ਤੇ ਜ਼ਿਲ੍ਹਾ ਟੀਕਾਕਰਨ ਅਧਿਕਾਰੀ ਡਾ. ਗਿਰੀਸ਼ ਡੋਗਰਾ ਨੇ ਦਸਿਆ ਕਿ ਮੁਹਿੰਮ ਦੌਰਾਨ ਸਾਰੀਆਂ ਵੈਕਸੀਨ (ਐਂਟੀਜੇਨਸ) ਸਾਰੀਆਂ ਸੈਸ਼ਨ ਸਾਈਟਾਂ 'ਤੇ ਮੌਜੂਦ ਰਹਿਣਗੀਆਂ। ਉਨ੍ਹਾਂ ਦਸਿਆ ਕਿ ਮੁਹਿੰਮ ਦੀ ਸਫ਼ਲਤਾ ਲਈ ਸਾਰੇ ਪ੍ਰਬੰਧ ਪੂਰੇ ਕਰ ਲਏ ਗਏ ਹਨ।

ਉਨ੍ਹਾਂ ਦੱਸਿਆ ਕਿ ਜ਼ੀਰੋ ਡੋਜ਼ ਵਾਲੇ ਬੱਚਿਆਂ ਦੀ ਗਿਣਤੀ ਨੂੰ ਘਟਾਉਣ ਲਈ, ਪੇਂਟਾ 1 ਵੈਕਸੀਨ ਕਵਰੇਜ ਨੂੰ ਵਧਾਉਣਾ ਮਹੱਤਵਪੂਰਨ ਕਦਮ ਹੈ।ਪੈਂਟਾ 1 ਵੈਕਸੀਨ ਕਵਰੇਜ ਨੂੰ ਬਿਹਤਰ ਬਣਾਉਣ ਲਈ ਵਿਸ਼ੇਸ਼ ਟੀਕਾਕਰਨ ਹਫ਼ਤਾ ਕਾਫ਼ੀ ਅਸਰਦਾਰ ਹੋਵੇਗਾ, ਜਿਸ ਵਿੱਚ ਹੈੱਡਕਾਊਂਟ ਸਰਵੇਖਣ, ਮਾਈਕ੍ਰੋਪਲਾਨਿੰਗ ਅਤੇ ਟੀਕਾਕਰਨ ਸੈਸ਼ਨਾਂ ਨੂੰ ਅਸਰਦਾਰ ਢੰਗ ਨਾਲ ਚਲਾਉਣਾ ਆਦਿ ਸ਼ਾਮਲ ਹਨ।

ਉਨ੍ਹਾਂ ਦੱਸਿਆ ਕਿ ਇੱਕ ਬੱਚੇ ਦੇ ਸਿਹਤਮੰਦ ਜੀਵਨ ਅਤੇ ਸਮੁੱਚੇ ਵਿਕਾਸ ਲਈ ਸਾਰੇ ਟੀਕੇ ਲਾਜ਼ਮੀ ਹਨ। ਇਸ ਲਈ ਆਪਣੇ ਬੱਚੇ ਦਾ ਪੈਂਟਾਵੇਲੈਂਟ ਵੈਕਸੀਨ ਨਾਲ ਨਿਯਮਿਤ ਤੌਰ 'ਤੇ ਟੀਕਾਕਰਨ ਕਰਵਾਓ। ਉਨ੍ਹਾਂ ਜ਼ਿਲ੍ਹਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਦੇ ਬਾਕੀ ਰਹਿੰਦੇ ਟੀਕੇ ਜਲਦ ਤੋਂ ਜਲਦ ਨਜ਼ਦੀਕੀ ਸਿਹਤ ਕੇਂਦਰ ਵਿਚ ਜਾ ਕੇ ਲਗਵਾਉਣ।

# ਸਿੰਘਪੁਰੀਆ ਦੇ ਪਲੇਠੇ ਕਾਵਿ ਸੰਗ੍ਰਹਿ 'ਤੇਰੇ ਵਾਂਗ' ਦੀ ਘੁੰਡ ਚੁਕਾਈ

**ਭੋਗਪੁਰ (ਕੁਲਵੀਰ ਸਿੰਘ ਕਾਹਲੋਂ)**

ਸਹਿਤਕਾਰ ਅਮਰਦੀਪ ਸਿੰਘਪੁਰੀਆ ਦਾ ਪਲੇਠਾ ਕਾਵਿ ਸੰਗ੍ਰਹਿ 'ਤੇਰੇ ਵਾਂਗ' ਦੀ ਘੁੰਡ ਚੁਕਾਈ ਦੀ ਰਸਮ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਭੋਗਪੁਰ ਵਿੱਚ ਐਸ ਡੀ ਐਮ ਵਿਵੇਕ ਕੁਮਾਰ ਮੋਦੀ ਅਤੇ ਤਹਿਸੀਲਦਾਰ ਗੁਰਪ੍ਰੀਤ ਸਿੰਘ ਨੇ ਸਾਂਝੇ ਤੌਰ 'ਤੇ ਨਿਭਾਈ। ਇਸ ਮੌਕੇ ਉਹਨਾਂ ਨਾਲ ਸੇਵਾ ਮੁਕਤ ਐਸ ਐਸ ਪੀ ਹਰਵਿੰਦਰ ਸਿੰਘ ਡੱਲੀ, ਐਕਸੀਅਨ ਜਸਵੰਤ ਸਿੰਘ ਪਾਬਲਾ, ਪੁਲਸ ਇੰਸਪੈਕਟਰ ਯਾਦਵਿੰਦਰ ਸਿੰਘ, ਬੀ ਡੀ ਪੀ ਓ ਹਰਪ੍ਰੀਤ ਕੌਰ, ਸਾਬਕਾ ਡਾਇਰੈਕਟਰ ਭੁਪਿੰਦਰ ਸਿੰਘ ਸੈਣੀ, ਕਾਨੂੰਗੋ ਗੁਰਵਿੰਦਰ ਸਿੰਘ ਭੁੱਲਰ, ਕਾਨੂੰਗੋ ਬਲਕਾਰ ਸਿੰਘ ਸ਼ਾਮਲ ਹੋਏ। ਇਸ ਮੌਕੇ ਸਾਹਿਤਕਾਰ ਅਮਰਦੀਪ ਸਿੰਘਪੁਰੀਆ ਨੇ ਆਪਣੇ ਕਵਿ ਸੰਗ੍ਰਹਿ ਵਿਚੋਂ ਸੱਚ ਤੇ ਝੂਠ ਦੀ ਹੋ ਗਈ ਲੜਾਈ, ਕੁਝ ਲੋਕ ਜੋ ਦਿਲ ਲਈ ਖਾਸ ਹੁੰਦੇ ਹਨ ਅਤੇ ਸਭ ਤੋਂ ਮੁਸ਼ਕਲ ਹੁੰਦਾ ਹੈ ਠੱਗਾਂ ਵਿੱਚ ਰਹਿ ਕੇ ਇਮਾਨਦਾਰ ਰਹਿਣਾ ਪੇਸ਼ ਕਰਕੇ ਵਾਹ ਵਾਹ ਖੱਟੀ। ਮੁੱਖ ਮਹਿਮਾਨ ਵਿਵੇਕ ਕੁਮਾਰ ਮੋਦੀ ਨੇ ਅਮਰਦੀਪ ਸਿੰਘਪੁਰੀਆ ਨੂੰ ਕਵਿ ਸੰਗ੍ਰਹਿ 'ਤੇਰੇ ਵਾਂਗ' ਦੀ ਵਧਾਈ ਦਿੰਦਿਆਂ ਕਿਹਾ ਕਿ ਉਸ ਨੇ ਵੱਖ ਵੱਖ ਸਮਾਜਿਕ ਪਹਿਲੂਆਂ ਨੂੰ ਬਹੁਤ ਹੀ



ਬਰੀਕੀ ਨਾਲ ਕਵਿਤਾਵਾਂ ਦੀ ਮਾਲਾ ਵਿੱਚ ਪਰੋ ਕੇ ਬਹੁਤ ਵੱਡਾ ਉੱਦਮ ਕੀਤਾ ਹੈ। ਤਹਿਸੀਲਦਾਰ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਅਮਰਦੀਪ ਨੇ ਆਪਣੀਆਂ ਰਚਨਾਵਾਂ ਵਿਚ ਸਮਾਜ ਦੀਆਂ ਊਣਤਾਈਆਂ ਨੂੰ ਸੁਚੱਜੇ ਢੰਗ ਨਾਲ ਪੇਸ਼ ਕੀਤਾ ਜਿਸ ਦੀ ਜਿੰਨੀ ਵੀ ਪ੍ਰਸੰਸਾ ਕੀਤੀ ਜਾਵੇ ਥੋੜ੍ਹੀ ਹੈ। ਮੰਚ ਸੰਚਾਲਨ ਪ੍ਰਿੰਸੀਪਲ ਬਲਵਿੰਦਰ ਸਿੰਘ ਭੰਗੂ ਨੇ ਕੀਤਾ।

# ਸਾਂਝਾ ਅਧਿਆਪਕ ਮੋਰਚਾ ਵੱਲੋਂ ਅੱਜ ਫੂਕੇ ਜਾਣਗੇ ਸਿੱਖਿਆ ਮੰਤਰੀ ਦੇ ਪੁਤਲੇ



**ਜਲੰਧਰ(ਰਾਜੇਸ਼ ਥਾਪਾ)**- ਸਾਂਝਾ ਅਧਿਆਪਕ ਮੋਰਚਾ ਜ਼ਿਲ੍ਹਾ ਜਲੰਧਰ ਦੀ ਜ਼ਿਲ੍ਹਾ ਕਨਵੀਨਰ ਸੁਰਿੰਦਰ ਪੁਆਰੀ, ਨਵਪ੍ਰੀਤ ਬੱਲੀ, ਕਰਨੈਲ ਫਿਲੌਰ, ਗੁਰਮੀਤ ਕੋਟਲੀ, ਹਰਬੰਸ ਲਾਲ ਦੀ ਪ੍ਰਧਾਨਗੀ ਹੇਠ ਐਤਵਾਰ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਸਿੱਖਿਆ ਮੰਤਰੀ ਨਾਲ ਹੋਈ 19 ਦਸੰਬਰ ਦੀ ਮੀਟਿੰਗ ਬਾਰੇ ਗੱਲਬਾਤ ਕਰਦਿਆਂ ਸਾਥੀਆਂ ਨੇ ਦੱਸਿਆ ਕਿ ਸਾਂਝਾ ਅਧਿਆਪਕ ਮੋਰਚਾ, ਪੰਜਾਬ ਦੀ ਸਿੱਖਿਆ ਮੰਤਰੀ ਨਾਲ ਹੋਈ ਇਸ ਮੀਟਿੰਗ ਵਿੱਚ ਪੀ. ਟੀ. ਆਈਜ਼ / ਆਰਟ ਐਂਡ ਕਰਾਫਟ ਟੀਚਰਜ਼ ਆਦਿ ਸੀ. ਐਂਡ ਵੀ. ਅਧਿਆਪਕਾਂ ਦੇ ਪੇਅ ਸਕੇਲਾਂ ਸਬੰਧੀ ਵਿੱਤ ਵਿਭਾਗ ਵਲੋਂ ਜਾਰੀ ਤਰਕਹੀਣ ਸਪੀਕਿੰਗ ਆਰਡਰ ਤੁਰੰਤ ਰੱਦ ਨਾ ਕਰਨ, ਮਿਡਲ ਅਤੇ ਘੱਟ ਗਿਣਤੀ ਬੱਚਿਆਂ ਵਾਲੇ ਸਕੂਲ ਬੰਦ ਕਰਨ ਲਈ ਬਜ਼ਿਦ ਹੋਣ, ਨਿਯੁਕਤੀਆਂ ਅਤੇ ਤਰੱਕੀਆਂ ਵਿੱਚ ਸਾਰੇ ਸਕੂਲਾਂ ਦੀਆਂ ਖਾਲੀ ਪੋਸਟਾਂ ਦਿਖਾਉਣ ਤੋਂ ਇਨਕਾਰ ਕਰਨ, ਅਧਿਆਪਕਾਂ ਦੇ ਚਿਰਾਂ ਤੋਂ ਲਟਕਦੇ ਮਸਲਿਆਂ ਸਮੇਤ ਵਿੱਤੀ ਮੰਗਾਂ ਅਤੇ ਪੁਰਾਣੀ ਪੈਨਸ਼ਨ ਬਹਾਲ ਕਰਨ ਪ੍ਰਤੀ ਸੰਜੀਦਾ ਨਾ ਹੋਣ ਕਾਰਨ 23 ਦਸੰਬਰ ਨੂੰ ਜ਼ਿਲ੍ਹਾ ਪੱਧਰ 'ਤੇ ਸਿੱਖਿਆ ਮੰਤਰੀ ਦੇ ਪੁਤਲੇ ਫੂਕਣ ਦਾ ਫੈਸਲਾ ਕੀਤਾ ਗਿਆ ਹੈ।ਇਸੇ ਪ੍ਰੋਗਰਾਮ ਦੀ ਕੜੀ ਵਿੱਚ ਜ਼ਿਲ੍ਹਾ ਜਲੰਧਰ ਵਿਖੇ 23 ਦਸੰਬਰ ਨੂੰ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਦੇ ਸਾਹਮਣੇ ਪੁੱਡਾ ਗਰਾਊਂਡ ਵਿਖੇ ਠੀਕ ਚਾਰ ਵਜੇ ਸਿੱਖਿਆ ਮੰਤਰੀ ਦਾ ਪੁਤਲਾ ਫੂਕਿਆ ਜਾਵੇਗਾ।ਸਮੂਹ ਸੰਘਰਸ਼ਸ਼ੀਲ ਸਾਥੀਆਂ ਨੂੰ ਇਸ ਐਕਸ਼ਨ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਦੀ ਅਪੀਲ ਕੀਤੀ ਗਈ। ਮੀਟਿੰਗ ਵਿੱਚ ਉਪਰੋਕਤ ਆਗੂਆਂ ਤੋਂ ਇਲਾਵਾ ਕੰਵਲਜੀਤ ਸੰਗੋਵਾਲ, ਹਰਕਮਲ ਸਿੰਘ ਸੰਧੂ, ਸੁਖਵਿੰਦਰ ਸਿੰਘ ਸੁੱਖੀ, ਬਲਜੀਤ ਸਿੰਘ ਕਲਾਰ, ਹਰਮੰਗਤ ਸਿੰਘ, ਬਲਜੀਤ ਕੁਮਾਰ, ਅਵਤਾਰ ਸਿੰਘ, ਅਸ਼ਵਨੀ ਕੁਮਾਰ, ਰਸ਼ਮਿੰਦਰ ਸੋਨੂ ਆਦਿ ਆਗੂ ਹਾਜ਼ਰ ਸਨ

# ਰਣਜੀਤ ਸਿੰਘ ਖੁਰਾਣਾ ਤੇ ਰਾਜਿੰਦਰ ਸਿੰਘ ਚੰਦੀ ਨੇ ਵੋਟਰਾਂ, ਵਰਕਰਾਂ ਦਾ ਕੀਤਾ ਧੰਨਵਾਦ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)** ਨਗਰ ਨਿਗਮ ਚੋਣਾਂ ਸੁਖਾਵੇਂ ਮਾਹੌਲ ਵਿਚ ਕਰਵਾਉਣ ਲਈ ਸ਼੍ਰੋਮਣੀ ਅਕਾਲੀ ਦਲ (ਬ) ਦੇ ਹਲਕਾ ਸ਼ਹਿਰੀ ਇੰਚਾਰਜ ਰਣਜੀਤ ਸਿੰਘ ਖੁਰਾਣਾ ਅਤੇ ਦਿਹਾਤੀ ਹਲਕਾ ਇੰਚਾਰਜ ਰਾਜਿੰਦਰ ਸਿਘ ਚੰਦੀ ਨੇ ਪ੍ਰਸ਼ਾਸਨ ਅਤੇ ਚੋਣ ਅਮਲੇ ਦੀ ਸ਼ਲਾਘਾ ਕੀਤੀ ਹੈ। ਉਹਨਾਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਜੇਤੂ ਉਮੀਦਵਾਰਾਂ ਨੂੰ ਜਿੱਥੇ ਵਧਾਈ ਦਿੱਤੀ। ਉੱਥੇ ਹੀ ਸਾਥ ਦੇਣ ਲਈ ਸਮੂਹ ਵੋਟਰਾਂ, ਵਰਕਰਾਂ ਅਤੇ ਸਮਰਥਕਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਰਣਜੀਤ ਸਿੰਘ ਖੁਰਾਣਾ ਨੇ ਕਿਹਾ ਕਿ ਵਰਕਰਾਂ ਤੇ ਸਮਰਥਕਾਂ ਦੀ ਸਖਤ ਮਿਹਨਤ ਸਦਕਾ ਹੀ 9 ਸੀਟਾਂ ਵਿੱਚੋਂ 3 ਸੀਟਾਂ ਤੇ ਪਾਰਟੀ ਦੇ ਉਮੀਦਵਾਰਾਂ ਨੂੰ ਸ਼ਾਨਦਾਰ ਜਿੱਤ ਪ੍ਰਾਪਤ ਹੋਈ ਹੈ।

# ਰਾਘਵ ਚੱਡਾ ਦੀ ਮੁਹਿੰਮ ਦਾ ਅਸਰ, ਸਰਕਾਰ ਹੁਣ ਹਵਾਈ ਅੱਡਿਆਂ 'ਤੇ ਸਸਤੀ ਕੰਟੀਨ ਕਰੇਗੀ ਸ਼ੁਰੂ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਦੇਸ਼ ਦੇ ਸਾਰੇ ਹਵਾਈ ਅੱਡਿਆਂ 'ਤੇ ਮਹਿੰਗੇ ਖਾਣੇ ਦਾ ਮੁੱਦਾ ਲੰਬੇ ਸਮੇਂ ਤੋਂ ਯਾਤਰੀਆਂ ਲਈ ਪ੍ਰੇਸ਼ਾਨੀ ਦਾ ਕਾਰਨ ਬਣਿਆ ਹੋਇਆ ਹੈ। ਸੰਸਦ ਦੇ ਇਸੇ ਸਰਦ ਰੁੱਤ ਸੈਸ਼ਨ ਵਿੱਚ ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਇਸ ਮੁੱਦੇ ਨੂੰ ਜ਼ੋਰਦਾਰ ਢੰਗ ਨਾਲ ਉਠਾਇਆ ਸੀ ਅਤੇ ਹਵਾਈ ਅੱਡਿਆਂ 'ਤੇ ਮਹਿੰਗੇ ਭਾਅ ਮਿਲਣ ਵਾਲੇ ਪਾਣੀ, ਚਾਹ ਅਤੇ ਸਨੈਕਸ ਦੀ ਸਮੱਸਿਆ ਨੂੰ ਉਜਾਗਰ ਕੀਤਾ ਸੀ। ਉਨ੍ਹਾਂ ਦੇ ਯਤਨਾਂ ਦਾ ਹੀ ਨਤੀਜਾ ਹੈ ਕਿ ਹੁਣ ਸਰਕਾਰ ਨੇ ਇਸ ਮੁੱਦੇ ਨੂੰ ਗੰਭੀਰਤਾ ਨਾਲ ਲੈਂਦਿਆਂ ਉਡਾਨ ਯਾਤਰੀ ਕੈਫੇ ਸ਼ੁਰੂ ਕਰਨ ਦੀ ਯੋਜਨਾ ਬਣਾਈ ਹੈ ਅਤੇ ਇਸ ਦੀ ਸ਼ੁਰੂਆਤ ਕੋਲਕਾਤਾ ਏਅਰਪੋਰਟ ਤੋਂ ਕੀਤੀ ਜਾਵੇਗੀ, ਜਿੱਥੇ ਕਿਫਾਇਤੀ ਦਰਾਂ 'ਤੇ ਖਾਣਾ ਮੁਹੱਈਆ ਕਰਵਾਈਆ ਜਾਵੇਗਾ। ਕੇਂਦਰੀ ਸ਼ਹਿਰੀ ਏਵੀਏਸ਼ਨ ਮੰਤਰਾਲੇ ਨੇ ਐਲਾਨ ਕੀਤਾ ਹੈ ਕਿ ਕੋਲਕਾਤਾ ਦੇ ਨੇਤਾਜੀ ਸੁਭਾਸ਼ ਚੰਦਰ ਬੋਸ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਉਡਾਨ ਯਾਤਰੀ ਕੈਫੇ ਸ਼ੁਰੂ ਕੀਤਾ ਜਾਵੇਗਾ। ਹਾਲਾਂਕਿ ਇਹ ਇਕ ਪਾਇਲਟ ਪ੍ਰੋਜੈਕਟ ਹੋਵੇਗਾ, ਜਿਸ ਨੂੰ ਬਾਅਦ ਵਿਚ ਏਅਰਪੋਰਟ ਅਥਾਰਟੀ ਆਫ ਇੰਡੀਆ (ਏ.ਏ.ਆਈ.) ਦੇ ਹੋਰ ਹਵਾਈ ਅੱਡਿਆਂ 'ਤੇ ਲਾਗੂ ਕੀਤਾ ਜਾਵੇਗਾ। ਇਸ ਕੈਫੇ ਵਿੱਚ ਪਾਣੀ ਦੀਆਂ ਬੋਤਲਾਂ, ਚਾਹ, ਕੌਫੀ ਅਤੇ ਸਨੈਕਸ ਵਾਜਬ ਕੀਮਤਾਂ 'ਤੇ ਉਪਲਬਧ ਹੋਣਗੇ। ਸਸਤੀਆਂ ਸਹੂਲਤਾਂ ਦੀ ਲੋੜ 'ਤੇ ਜ਼ੋਰ ਦੇਣ 'ਤੇ ਸੰਸਦ ਮੈਂਬਰ ਰਾਘਵ ਚੱਢਾ ਨੇ ਇਸ 'ਤੇ ਖੁਸ਼ੀ ਪ੍ਰਗਟ ਕਰਦਿਆਂ ਇਸ ਨੂੰ ਸਕਾਰਾਤਮਕ ਕਦਮ ਦੱਸਿਆ। ਉਨ੍ਹਾਂ ਕਿਹਾ, ਆਖ਼ਰਕਾਰ ਸਰਕਾਰ ਨੇ ਆਮ ਜਨਤਾ ਦੀ ਗੱਲ ਸੁਣ ਲਈ ਹੈ। ਭਾਵੇਂ ਇਸ ਦੀ ਸ਼ੁਰੂਆਤ ਕੋਲਕਾਤਾ ਹਵਾਈ ਅੱਡੇ ਤੋਂ ਹੋ ਗਈ ਹੈ, ਪਰ ਉਨ੍ਹਾਂ ਨੂੰ ਉਮੀਦ ਹੈ ਕਿ ਜਲਦੀ ਹੀ ਇਸ ਨੂੰ ਦੇਸ਼ ਦੇ ਹੋਰ ਹਵਾਈ ਅੱਡਿਆਂ 'ਤੇ ਵੀ ਲਾਗੂ ਕਰ ਦਿੱਤਾ ਜਾਵੇਗਾ। ਜਿਸ ਤੋਂ ਬਾਅਦ ਹਵਾਈ ਯਾਤਰਾ ਕਰਨ ਵਾਲੇ ਸਾਡੇ ਦੇਸ਼ ਦੇ ਨਾਗਰਿਕਾਂ ਨੂੰ ਹਵਾਈ ਅੱਡਿਆਂ 'ਤੇ ਪਾਣੀ, ਚਾਹ ਜਾਂ ਕੌਫੀ ਲਈ 100-250 ਰੁਪਏ ਨਹੀਂ ਖਰਚਣੇ ਪੈਣਗੇ।ਸੰਸਦ 'ਚ ਹਵਾਈ ਅੱਡਿਆਂ 'ਤੇ ਮਹਿੰਗੇ ਖਾਣੇ ਦਾ ਮੁੱਦਾ ਉਠਾਉਂਦੇ ਹੋਏ ਰਾਘਵ ਚੱਢਾ ਨੇ ਕਿਹਾ ਸੀ ਕਿ ਦੇਸ਼ ਦੇ ਹਵਾਈ ਅੱਡਿਆਂ 'ਤੇ ਮਹਿੰਗੇ ਖਾਣੇ ਅਤੇ ਮਾੜੇ ਪ੍ਰਬੰਧਾਂ ਕਾਰਨ ਯਾਤਰੀਆਂ ਨੂੰ ਕਾਫੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਸਾਂਸਦ ਰਾਘਵ ਚੱਢਾ ਨੇ ਆਮ ਆਦਮੀ ਦੀ ਇਸ ਆਵਾਜ਼ ਨੂੰ ਸੰਸਦ 'ਚ ਜ਼ੋਰਦਾਰ ਢੰਗ ਨਾਲ ਉਠਾਇਆ ਤਾਂ ਸੋਸ਼ਲ ਮੀਡੀਆ 'ਤੇ ਲੋਕਾਂ ਨੇ ਉਨ੍ਹਾਂ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਇਸ ਨੂੰ ਆਮ ਲੋਕਾਂ ਦੇ ਦਿਲ ਦੀ ਆਵਾਜ਼ ਦੱਸਿਆ।ਰਾਘਵ ਚੱਢਾ ਨੇ ਸੰਸਦ 'ਚ ਕਿਹਾ ਕਿ ਸਿਰਫ ਇਕ ਸਾਲ ਦੇ ਅੰਦਰ ਹੀ ਹਵਾਈ ਕਿਰਾਏ 'ਚ ਭਾਰੀ ਵਾਧਾ ਹੋਇਆ ਹੈ, ਜਿਸ ਨਾਲ ਆਮ ਜਨਤਾ 'ਤੇ ਬੋਝ ਵਧਿਆ ਹੈ।

# ਸੈਕੰਡਰੀ ਸਕੂਲ ਭਾਮ 'ਚ ਟ੍ਰੈਫਿਕ ਨਿਯਮਾਂ ਸੰਬੰਧੀ ਸੈਮੀਨਾਰ ਕਰਵਾਇਆ

**ਮੇਹਟੀਆਣਾ, (ਜਗਤਾਰ ਸਿੰਘ ਭੁੰਗਰਨੀ)**

ਸੀਨੀਅਰ ਪੁਲਸ ਕਪਤਾਨ ਸੁਰਿੰਦਰ ਲਾਂਬਾ ਅਤੇ ਕਪਤਾਨ ਪੁਲਸ ( ਟ੍ਰੈਫਿਕ ) ਨਵਨੀਤ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮਨੋਹਰ ਚੰਦ ਟ੍ਰੈਫਿਕ ਐਜੂਕੇਸ਼ਨ ਸੈਲ ਹੁਸ਼ਿਆਰਪੁਰ ਅਤੇ ਮਨਪ੍ਰੀਤ



ਕੌਰ ਪੀ ਐਲ ਵੀ ਜ਼ਿਲ੍ਹਾ ਕਾਨੂੰਨ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭਾਮ ਵਿਖੇ ਵਿਦਿਆਰਥੀਆਂ ਨਾਲ ਟ੍ਰੈਫਿਕ ਨਿਯਮਾਂ ਸੰਬੰਧੀ ਸੈਮੀਨਾਰ ਲਗਾਇਆ ਗਿਆ। ਜਿਸ ਵਿਚ ਬੱਚਿਆਂ ਨੂੰ ਪੰਜਾਬ ਸਰਕਾਰ ਵੱਲੋਂ ਆਈਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਟ੍ਰੈਫਿਕ ਨਿਯਮਾਂ ਜਿਵੇਂ ਕੋਈ ਵੀ 18 ਸਾਲ ਤੋਂ ਘੱਟ ਉਮਰ ਦਾ ਵਿਦਿਆਰਥੀ ਕੋਈ ਵੀ ਗੇਅਰ ਵਾਲਾ ਵਹੀਕਲ ਨਾ ਚਲਾਏ, ਉਲੰਘਣਾ ਕਰਨ ਵਾਲੇ ਬੱਚਿਆਂ ਦੇ ਨਾਲ ਨਾਲ ਮਾਤਾ/ਪਿਤਾ ਜਾਂ ਵਹੀਕਲ ਦੇ ਮਾਲਕ ਨੂੰ ਭਰਨਾ ਪਵੇਗਾ ਭਾਰੀ ਜੁਰਮਾਨਾ ਅਤੇ ਨਾਲ ਮਿਲੇਗੀ ਤਿੰਨ ਸਾਲ ਦੀ ਸਜ਼ਾ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਅਤੇ ਮੋਟਰਸਾਈਕਲ 'ਤੇ ਚੱਲਦੇ ਸਮੇਂ ਚੌਂਕਾਂ ਵਿੱਚ ਲੱਗੀਆਂ ਲਾਈਟਾਂ ਦੀ ਪਾਲਣਾ ਕਰਦੇ ਹੋਏ ਚੌਂਕ ਨੂੰ ਪਾਰ ਕਰਨਾ ਅਤੇ ਕਿਸੇ ਵੀ ਕਿਸਮ ਦੇ ਨਸ਼ੇ ਦਾ ਪ੍ਰਯੋਗ ਨਾ ਕਰਨ ਦੀ ਸਖ਼ਤ ਹਦਾਇਤ ਕੀਤੀ ਅਤੇ ਫ਼ਰਿਸ਼ਤੇ ਸਕੀਮ 2024 ਅਧੀਨ ਰੋਡ ਐਕਸੀਡੈਂਟ ਵਿਚ ਜ਼ਖਮੀ ਵਿਅਕਤੀਆਂ ਨੂੰ ਮੁਢਲੀ ਸਹਾਇਤਾ ਦੇਣ ਅਤੇ ਹਸਪਤਾਲ ਵਿਚ ਦਾਖਲ ਕਰਵਾਉਣ ਸਬੰਧੀ ਜਾਗਰੂਕ ਕੀਤਾ ਗਿਆ। ਟ੍ਰੈਫਿਕ ਨਿਯਮਾਂ ਸੰਬੰਧੀ ਜਾਗਰੂਕ ਕੀਤਾ ਗਿਆ ਅਤੇ ਸਕੂਲੀ ਬੱਸਾਂ ਦੇ ਡਰਾਈਵਰਾਂ ਨੂੰ ਸੇਫ ਸਕੂਲ ਵਾਹਨ ਸਕੀਮ ਤਹਿਤ ਸਾਰੀਆਂ ਸ਼ਰਤਾਂ ਪੂਰੀਆਂ ਕਰਨ ਦੀ ਹਦਾਇਤ ਕੀਤੀ ਅਤੇ ਵਹੀਕਲ ਚਲਾਉਂਦੇ ਸਮੇਂ ਮੋਬਾਇਲ ਫੋਨ ਦੀ ਵਰਤੋਂ ਨਾ ਕਰਨ ਅਤੇ ਵਹੀਕਲ ਚਲਾਉਂਦੇ ਸਮੇਂ ਕਿਸੇ ਵੀ ਤਰ੍ਹਾਂ ਦਾ ਨਸ਼ਾ ਨਾ ਕਰਨ ਦੀ ਹਦਾਇਤ ਕੀਤੀ। ਉਲੰਘਣਾ ਕਰਨ ਵਾਲਿਆਂ ਖਿਲਾਫ ਮੋਟਰ ਵਹੀਕਲ ਐਕਟ ਤਹਿਤ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਸਾਈਬਰ ਕ੍ਰਾਈਮ ਦੁਆਰਾ ਹੋ ਰਹੀਆਂ ਠੱਗੀਆਂ ਤੋਂ ਸੁਚੇਤ ਰਹਿਣ ਦੀ ਅਪੀਲ ਕੀਤੀ ਤਾਂ ਜੋ ਰੋਜ਼ਾਨਾ ਹੋਣ ਵਾਲੇ ਰੋਡ ਐਕਸੀਡੈਂਟਾਂ ਵਿੱਚ ਹੋਣ ਜਾਨੀ ਮਾਲੀ ਨੁਕਸਾਨ ਤੋਂ ਬਚਿਆ ਜਾ ਸਕੇ।